ISSN : 2395-1273


# ਸੰਵਾਦ

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

20 ਵਾਂ ਅੰਕ
ਜੁਲਾਈ-ਦਸੰਬਰ 2024



ESTD. 1892
ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

ISSN : 2395-1273

**ਪੰਜਾਬੀ ਰੈਫ਼ਰੀਡ ਰਿਸਰਚ ਜਰਨਲ**

**A Peer Reviewed Punjabi Research Journal**

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਛਿਮਾਹੀ ਖੋਜ ਰਸਾਲਾ**

ਜੁਲਾਈ-ਦਸੰਬਰ 2024
ਅੰਕ-20ਵਾਂ

**ਵਿਸ਼ੇਸ਼ ਅੰਕ**

**ਬਿਰਤਾਂਤਾਂ ਦੀ ਜੰਗ**

**ਸਰਪ੍ਰਸਤ**


ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਮਹਿਲ ਸਿੰਘ

**ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron & Chief Editor:**
***Dr. Mehal Singh***
**+91 85288-28200**

**Editor:**
***Dr. Atam Singh Randhawa***
**+91 98722-17273**

**ISSN : 2395-1273** | **July-December 2024**

**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ
ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ‖ ਜੁਲਾਈ-ਦਸੰਬਰ 2024**


## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❒ **ਬਿਰਤਾਂਤ ਸਿਰਜਣ ਦੀ ਜੰਗ**
**(ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)** 124-129
ਡਾ. ਗੁਰਦੀਪ ਸਿੰਘ

❒ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137
ਬਲਜਿੰਦਰ ਸਿੰਘ

❒ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145
ਡਾ. ਦਯਾ ਸਿੰਘ

❒ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165
ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈


**www.sanvad.org**
ISSN : 2395-1273



# ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ

**ਬਲਜਿੰਦਰ ਸਿੰਘ**

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ
✆ 95921 42563

ਭਾਰਤ ਅੰਦਰ ਚੱਲਦੀ ਬਿਰਤਾਂਤ ਦੀ ਜੰਗ ਵਿਚ ਦਲਿਤ ਬਿਰਤਾਂਤ ਦਾ ਮਸਲਾ ਬੜਾ ਗੁੰਝਲਦਾਰ ਹੈ, ਜੋ ਇਤਿਹਾਸ ਦੀਆਂ ਕਈ ਸਦੀਆਂ ਤਕ ਫੈਲਿਆ ਹੋਇਆ ਹੈ। ਬਿਰਤਾਂਤ ਦੀ ਜੰਗ ਅਸਲ ਵਿਚ ਵਿਚਾਰਾਂ ਦੀ ਜੰਗ ਹੀ ਹੁੰਦੀ ਹੈ। ਅਜਿਹੀਆਂ ਵਿਚਾਰਧਾਰਕ ਜੰਗਾਂ ਮੈਦਾਨੀ ਜੰਗਾਂ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਵਿਚਾਰਾਂ ਦੀ ਇਹ ਲੜਾਈ ਅਕਸਰ ਸ਼ਕਤੀਸ਼ਾਲੀ ਧਿਰ ਵੱਲੋਂ ਆਪਣੀ ਹੈਜ਼ਮਨੀ ਸਥਾਪਿਤ ਕਰਨ ਲਈ ਛੇੜੀ ਜਾਂਦੀ ਹੈ। ਸੱਤਾ-ਧਿਰ ਆਪਣੇ ਅਧੀਨ ਵਿਚਰਦੀ ਧਿਰ ਨੂੰ ਗੁਲਾਮ ਬਣਾਈ ਰੱਖਣ ਲਈ ਹੀ ਅਜਿਹਾ ਕਰਦੀ ਹੈ। ਉਹ ਆਪਣੇ ਵਿਚਾਰਾਂ ਨੂੰ ਅਜਿਹੇ ਬਿਰਤਾਂਤ ਵਜੋਂ ਸਿਰਜਦੀ ਹੈ, ਜੋ ਲੋਕ-ਪੱਖੀ ਜਾਪਦੇ ਹਨ। ਭਾਰਤੀ ਸਮਾਜ ਅੰਦਰ ਅਜਿਹੇ ਬਿਰਤਾਂਤ ਸਦੀਆਂ ਤੋਂ ਸ਼ਕਤੀਸ਼ਾਲੀ ਧਿਰ ਵੱਲੋਂ ਆਪਣੀ ਹੈਜ਼ਮਨੀ ਸਥਾਪਿਤ ਕਰਨ ਲਈ ਸਿਰਜੇ ਜਾਂਦੇ ਰਹੇ ਹਨ। ਇਨ੍ਹਾਂ ਬਿਰਤਾਂਤਾਂ ਵਿਚ ਮੁੱਖ ਤੌਰ 'ਤੇ ਪ੍ਰਮਾਤਮਾ, ਪ੍ਰਮਾਤਮਾ ਦੇ ਉਦੇਸ਼, ਹੁਕਮ, ਬਚਨ ਆਦਿ ਪ੍ਰਮੁੱਖ ਹਨ। ਜਿਸ ਨੂੰ ਅਧਾਰ ਬਣਾ ਕੇ ਕਿਸੇ ਵੀ ਜਾਤ, ਕਬੀਲੇ, ਕੌਮ, ਨਸਲ ਨੂੰ ਆਪਣੇ ਗੁਲਾਮ ਬਣਾਈ ਰੱਖਣਾ ਬਹੁਤ ਸੁਖਾਲਾ ਹੈ। ਭਾਰਤੀ ਸੰਦਰਭ ਵਿਚ ਬਿਰਤਾਂਤ ਦਾ ਆਪਣਾ ਮਹੱਤਵ ਹੈ ਭਾਵੇਂ ਕਿ ਵਿਸ਼ਵ-ਭਰ ਦੇ ਹਰ ਸਮਾਜ, ਕੌਮ, ਕਬੀਲੇ, ਖਿੱਤੇ ਵਿਚ ਬਿਰਤਾਂਤ ਸਿਰਜੇ ਜਾਂਦੇ ਹਨ। ਰੋਲਾਂ ਬਾਰਥ ਅਨੁਸਾਰ ਬਿਰਤਾਂਤ ਦਾ ਇਤਿਹਾਸ ਮਾਨਵਤਾ ਦੇ ਇਤਿਹਾਸ ਨਾਲ ਹੀ ਸ਼ੁਰੂ ਹੁੰਦਾ ਹੈ। ਅੱਜ ਤਕ ਕੋਈ ਵੀ ਅਜਿਹਾ ਸਭਿਆਚਾਰ ਨਹੀਂ ਜਿਸ ਕੋਲ ਆਪਣਾ ਕੋਈ ਬਿਰਤਾਂਤ ਨਾ ਹੋਵੇ।"[1] ਸੰਸਾਰ ਭਰ ਵਿਚ ਬਿਰਤਾਂਤ ਦੀ ਜੰਗ ਮਨੁੱਖੀ ਵਿਕਾਸ ਦੇ ਅਰੰਭਿਕ ਪੜਾਅ ਤੋਂ ਹੀ ਚੱਲ ਰਹੀ ਹੈ। ਵੱਖ-ਵੱਖ ਸਮਾਜਾਂ/ਸਭਿਆਤਾਵਾਂ ਦੀਆਂ ਅਨੇਕਾਂ ਮਿਥਿਕ ਧਾਰਨਾਵਾਂ ਹੀ ਬਿਰਤਾਂਤ ਦੀ ਜੰਗ ਦੀਆਂ ਸਿਰਜਕ ਹੁੰਦੀਆਂ ਹਨ। ਹਰ ਸਮਾਜ ਹਰ ਵਕਤ ਕਿਸੇ ਬਿਰਤਾਂਤ ਦੀ ਜੰਗ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਬਿਰਤਾਂਤ ਦੀ ਜੰਗ ਦਾ ਮਸਲਾ ਵਿਸ਼ਵ-ਵਿਆਪੀ ਵਰਤਾਰਾ ਬਣ ਜਾਂਦਾ ਹੈ।

ਪੰਜਾਬੀ ਵਿਚ ਇਸਦੇ ਸ਼ਕਬਦਿਕ ਅਰਥਾਂ ਬਾਰੇ ਮਹਾਨਕੋਸ਼ ਵਿਚ ਬਿਰਤਾਂਤ ਨੂੰ ਵਿਰਤਾਂਤ ਕਿਹਾ ਗਿਆ ਹੈ। ਜਿਸ ਦਾ ਮਤਲਬ ਕਿਸੇ ਸਮਾਚਾਰ ਜਾਂ ਕਿਸੇ ਚਰਚਾ ਤੋਂ ਲਿਆ ਜਾਦਾ ਹੈ।"[2] ਅੰਗਰੇਜ਼ੀ ਭਾਸ਼ਾ ਵਿਚ ਇਸ ਲਈ Narrative ਸ਼ਬਦ ਪ੍ਰਚੱਲਿਤ ਹੈ, ਜਿਸ ਦੀ ਉਤਪਤੀ ਲਾਤੀਨੀ ਭਾਸ਼ਾ ਦੇ ਸ਼ਬਦ Narrare ਤੋਂ ਹੋਈ ਮੰਨੀ ਜਾਂਦੀ ਹੈ, ਜਿਸ ਦਾ ਅਰਥ ਹੈ ਕਥਾ ਦਾ ਬਿਆਨ।"[3] ਭਾਵ ਕਿ ਬਿਰਤਾਂਤ ਕਿਸੇ ਘਟਨਾ, ਸਥਿਤੀ ਜਾਂ ਵਿਚਾਰਧਾਰਾ ਨੂੰ ਪ੍ਰਚਾਰਨ ਤੇ ਪ੍ਰਸਾਰਨ ਦਾ ਮਾਧਿਅਮ ਹੈ, ਜੋ ਕਿਸੇ ਇਤਿਹਾਸਕ/ਮਿਥਿਹਾਸਕ ਕਥਾ ਦਾ ਸੰਚਾਰਵਾਹਕ ਬਣਦਾ ਹੈ। ਇਸ ਤੋਂ ਵੀ ਅਗਾਂਹ ਇਹ ਕੇਵਲ ਕਿਸੇ ਕਥਾ ਦੇ ਕਹਿਣ ਜਾਂ ਉਸ ਦੇ ਸਤਹੀ ਅਰਥਾਂ ਤਕ ਹੀ ਸੀਮਿਤ ਨਹੀਂ ਹੁੰਦਾ। "ਭਾਵੇਂ ਆਮ ਤੌਰ 'ਤੇ ਇਸ ਦੀ ਵਰਤੋਂ ਕਥਾ ਸਾਹਿਤ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ ਪਰ ਇਸ ਨੂੰ ਨਿਰੋਲ ਕਥਾ ਦਾ ਸਮਾਨਾਰਥਕ ਨਹੀਂ ਸਮਝਿਆ ਜਾ ਸਕਦਾ। ਇਹ ਕਥਾ ਰਚਨਾ ਦੇ ਤਕਨੀਕੀ ਪੱਖ ਵੱਲ ਸੰਕੇਤ ਕਰਨ ਵਾਲਾ ਸੰਦੇਸ਼ ਹੈ ਅਤੇ ਇਸ ਦਾ ਸਬੰਧ ਉਨ੍ਹਾਂ ਸਮੂਹ ਉਪਕਰਣਾਂ ਨਾਲ ਹੈ, ਜਿਨ੍ਹਾਂ ਦੇ ਮਾਧਿਅਮ ਰਾਹੀਂ ਕੋਈ ਕਥਾ ਹੋਂਦ ਵਿਚ ਆਉਂਦੀ ਹੈ।"[4] ਅਜਿਹੀ ਕਿਸੇ ਕਥਾ ਨੂੰ ਹੋਂਦ ਵਿਚ ਲਿਆਉਣਾ ਹੀ ਬਿਰਤਾਂਤ ਸਿਰਜਣਾ ਹੈ, ਜਿਸ ਪਿਛੇ ਕਈ ਸਾਜਿਸ਼ੀ ਘਾੜਤਾਂ ਜਾਂ ਮਿਥਿਕ ਕਥਾਵਾਂ ਕਾਰਜਸ਼ੀਲ ਹੁੰਦੀਆਂ ਹਨ।

ਇਸ ਤਰ੍ਹਾਂ ਉਪਰੋਕਤ ਵਿਚਾਰਾਂ ਦੇ ਆਧਾਰ 'ਤੇ ਅਸੀਂ ਸਧਾਰਨ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਬਿਰਤਾਂਤ ਇਕ ਅਜਿਹੀ ਜੁਗਤ ਹੈ ਜਿਸ ਵਿਚ ਸਭ ਕੁਝ ਸਮਾ ਜਾਂਦਾ ਹੈ। ਇਹ ਇਕ ਅਜਿਹਾ ਸੁਨੇਹਾ ਜਾਂ ਸੰਦੇਸ਼ ਹੁੰਦਾ ਹੈ, ਜਿਸ ਨੂੰ ਇਕ ਵਿਅਕਤੀ ਵਿਸ਼ੇਸ਼ ਕਿਸੇ ਦੂਜੇ ਵਿਅਕਤੀ-ਸਮੂਹ ਨੂੰ ਸੁਣਾਉਂਦਾ ਹੈ। ਇਸ ਦਾ ਮਕਸਦ ਆਮ ਲੋਕਾਂ ਨੂੰ ਆਪਣੇ ਜਾਂ ਆਪਣੀ ਇਸ ਕਥਾ ਤੋਂ ਪ੍ਰਭਾਵਿਤ ਕਰਨਾ ਹੁੰਦਾ ਹੈ। ਇਹ ਕਥਾ ਕਾਲਪਨਿਕ ਵੀ ਹੋ ਸਕਦੀ ਹੈ ਤੇ ਵਾਸਤਵਿਕ ਵੀ। ਸਧਾਰਨ ਭਾਸ਼ਾ ਵਿਚ ਤਾਂ ਅਸੀਂ ਕਹਿ ਸਕਦੇ ਹਾਂ ਕਿ ਕੁਝ ਰੋਚਕ ਇਤਿਹਾਸਕ/ਮਿਥਿਹਾਸਕ ਘਟਨਾਵਾਂ ਨੂੰ ਇਕ ਸਧਾਰਨ ਕਹਾਣੀ ਜਾਂ ਕਥਾ ਵਾਂਗ ਪਾਠਕਾਂ/ਸਰੋਤਿਆਂ ਦੇ ਸਨਮੁਖ ਕਰਨਾ ਹੀ ਬਿਰਤਾਂਤ ਹੈ ਪਰ ਅਸਲ ਵਿਚ ਇਹ ਅਜਿਹਾ ਵਰਤਾਰਾ ਹੈ, ਜੋ ਮਾਨਵੀ ਪੱਖ ਤੇ ਵਿਰੋਧ ਵਿਚ ਭੁਗਤਦਾ ਹੈ। ਜਦੋਂ ਕੁਝ ਵਿਸ਼ੇਸ਼


(ਪੰਨੇ 130-137)
**www.sanvad.org**
ISSN : 2395-1273

ਧਾਰਨਾਵਾਂ ਨੂੰ ਘੜਿਆ ਜਾਂਦਾ ਹੈ ਤਾਂ ਇਹ ਧਾਰਨਾਵਾਂ ਆਪਣੇ ਆਪ ਵਿਚ ਮਹੱਤਵਪੂਰਨ ਬਿਰਤਾਂਤ ਦੇ ਰੂਪ ਵਿਚ ਸਾਡੇ ਸਮਾਜਕ ਤੇ ਸਭਿਆਚਾਰਕ ਚੌਗਿਰਦੇ ਨੂੰ ਪ੍ਰਭਾਵਿਤ ਕਰਦੀਆਂ ਹਨ।

ਹਰ ਸਮਾਜ, ਵਰਗ, ਸੰਗਠਨ ਤੇ ਸੰਸਥਾ ਦੇ ਵਿਭਿੰਨ ਵਿਚਾਰਧਰਾਈ ਬਿਰਤਾਂਤ ਹੁੰਦੇ ਹਨ, ਜੋ ਆਮ ਲੋਕਾਈ ਨੂੰ ਆਪਣੇ ਨਾਲ ਜੋੜਨ ਲਈ ਵਰਤੇ ਜਾਂਦੇ ਹਨ। ਬੇਸ਼ੱਕ ਅਜਿਹੇ ਬਿਰਤਾਂਤ ਕਹਿਣੀ ਤੇ ਕਰਨੀ ਦੇ ਪੱਖ ਤੋਂ ਬਿਲਕੁਲ ਉਲਟ ਹੁੰਦੇ ਹਨ। ਇਸ ਤਰ੍ਹਾਂ ਦੀ ਬਿਰਤਾਂਤ ਸਿਰਜਣਾ ਸਿਆਸਤ ਦੇ ਅਖਾੜੇ ਵਿਚ ਬਹੁਤ ਕਾਰਗਰ ਸਿੱਧ ਹੁੰਦੀ ਹੈ। ਵੱਖ-ਵੱਖ ਖੇਤਰਾਂ ਵਿਚ ਬਿਰਤਾਂਤ ਸਿਰਜਣਾ ਦਾ ਵੱਖ-ਵੱਖ ਮਹੱਤਵ ਤੇ ਮਹਾਨਤਾ ਹੁੰਦੀ ਹੈ। ਸਾਹਿਤਕ, ਸਮਾਜਕ, ਰਾਜਨੀਤਕ ਤੇ ਧਾਰਮਿਕ ਬਿਰਤਾਂਤ ਭਾਵੇਂ ਕਿ ਸਮਾਜਕ ਵਿਕਾਸ ਦੇ ਨਾਅਰੇ ਨਾਲ ਸਿੱਧੇ ਤੌਰ 'ਤੇ ਸਬੰਧਿਤ ਹਨ ਪਰ ਇਹਨਾਂ ਦੇ ਅੰਤਰੀਵੀ ਭਾਵ ਕੁਝ ਹੋਰ ਹੁੰਦੇ ਹਨ। ਇਹਨਾਂ ਸੰਸਥਾਵਾਂ ਜਾਂ ਇਹਨਾਂ ਦੀ ਅਗਵਾਈ ਕਰ ਰਹੇ ਨੁਮਾਇੰਦਿਆਂ ਦੀ ਜੋ ਵਿਚਾਰਧਾਰਾ ਹੋਵੇਗੀ, ਉਹ ਉਸੇ ਤਰ੍ਹਾਂ ਦੀਆਂ ਕਥਾ ਕਹਾਣੀਆਂ ਰਾਹੀਂ ਆਪਣਾ ਬਿਰਤਾਂਤ ਘੜ੍ਹ ਕੇ ਆਮ-ਲੋਕਾਂ ਦੀ ਕਚਹਿਰੀ ਵਿਚ ਪੇਸ਼ ਕਰਨਗੇ। ਇਹਨਾਂ ਨੂੰ ਅਸੀਂ ਦੋ ਪੱਖਾਂ ਤੋਂ ਸਮਝ ਸਕਦੇ ਹਾਂ ਇਕ ਤਾਂ ਸਹਿਜ ਰੂਪ (ਪੱਖ ਅਤੇ ਵਿਰੋਧ) ਵਿਚ ਵਿਗਸਦੇ ਬਿਰਤਾਂਤ ਹਨ, ਜਿਨ੍ਹਾਂ ਨੂੰ ਅਸੀਂ ਸਮਾਜਕ, ਧਾਰਮਿਕ ਜਾਂ ਸਾਹਿਤਕ ਖੇਤਰਾਂ ਨਾਲ ਜੋੜ ਸਕਦੇ ਹਾਂ। ਦੂਜੀ ਕਿਸਮ ਦੇ ਉਹ ਬਿਰਤਾਂਤ ਹਨ ਜੋ ਬਹੁਤ ਜਲਦੀ ਆਪਣਾ ਪ੍ਰਭਾਵ ਸਥਾਪਿਤ ਕਰਦੇ ਹਨ, ਜਿਨ੍ਹਾਂ ਨੂੰ ਅਸੀਂ ਸਿਆਸੀ ਬਿਰਤਾਂਤ ਕਹਿ ਸਕਦੇ ਹਾਂ। ਅਜਿਹੇ ਬਿਰਤਾਂਤ ਸੱਤਾ ਦੇ ਅਧੀਨ ਵਿਚਰਦੇ ਲੋਕ-ਮਨਾਂ ਉੱਪਰ ਬਹੁਤ ਜਲਦੀ ਆਪਣਾ ਪ੍ਰਭਾਵ ਸਥਾਪਿਤ ਕਰ ਲੈਂਦੇ ਹਨ। ਲੋਕ ਇਸ ਵਿਚ ਆਪਣੀ ਭਲਾਈ ਦੇ ਪੱਖ ਨੂੰ ਸਵੀਕਾਰ ਕਰਦਿਆਂ ਸਿਆਸੀ ਬਿਰਤਾਂਤ ਦਾ ਸ਼ਿਕਾਰ ਹੁੰਦੇ ਹਨ। ਫਿਰ ਸਥਾਪਿਤ ਸੱਤਾ ਦੇ ਵਿਰੋਧ ਵਿਚ ਕੋਈ ਦੂਜੀ ਧਿਰ ਇਹਨਾਂ ਬਿਰਤਾਂਤਾਂ ਦੇ ਮੁਕਾਬਲਤਨ ਆਪਣਾ ਬਿਰਤਾਂਤ ਸਿਰਜਦੀ ਹੈ। ਜਿਨ੍ਹਾਂ ਰਾਹੀਂ ਉਹ ਬਹੁ-ਗਿਣਤੀ ਲੋਕਾਂ ਨੂੰ ਆਪਣੇ ਪੱਖ ਵਿਚ ਭੁਗਤਣ ਲਈ ਉਕਸਾਉਂਦੀ ਹੈ। ਇਸ ਤਰ੍ਹਾਂ ਸੱਤਾ 'ਤੇ ਕਾਬਜ ਹੋਣ ਲਈ ਰਾਜਨੀਤਕ ਪਾਰਟੀਆਂ ਕਈ ਤਰ੍ਹਾਂ ਦੇ ਬਿਰਤਾਂਤ ਘੜ੍ਹਦੀਆਂ ਹਨ ਜੋ ਕਿ ਚਿਰ-ਸਥਾਈ ਨਹੀਂ ਹੁੰਦੇ। ਇਹਨਾਂ ਬਿਰਤਾਂਤਾਂ ਦੇ ਦਿਸਦੇ ਰੂਪ ਤਾਂ ਲੋਕ-ਹਿਤ ਵਿਚ ਦਿਖਾਈ ਦੇਣਗੇ, ਪ੍ਰੰਤੂ ਅਣ ਦਿਸਦਾ ਰੂਪ ਬਿਲਕੁਲ ਇਸ ਦੀ ਸਚਾਈ ਦੇ ਉਲਟ ਹੋਵੇਗਾ। ਕਿਉਂਕਿ ਬਿਰਤਾਂਤ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਟੇਟ (ਸਿਆਸਤ) ਨਾਲ ਹੀ ਜੁੜਿਆ ਹੁੰਦਾ ਹੈ। ਸਟੇਟ ਨੇ ਜਦੋਂ ਵੀ ਆਪਣੀ ਕਿਸੇ ਵਿਚਾਰਧਾਰਾ ਨੂੰ ਆਮ ਜਨ-ਜੀਵਨ ਉਪਰ ਥੋਪਣਾ ਹੁੰਦਾ ਹੈ ਤਾਂ ਉਹ ਅਜਿਹਾ ਬਿਰਤਾਂਤ ਸਿਰਜਦੀ ਹੈ, ਜੋ ਸਤਹੀ ਪੱਧਰ 'ਤੇ ਤਾਂ ਲੋਕ-ਪੱਖੀ ਜਾਪਦਾ ਹੈ ਪ੍ਰੰਤੂ ਉਸਦਾ ਗਹਿਨ ਅਧਿਐਨ ਕੀਤਿਆਂ ਲੋਕ-ਵਿਰੋਧੀ ਪੱਖ ਉੱਘੜ ਕੇ ਸਾਹਮਣੇ ਆਉਂਦੇ ਹਨ।

ਬਿਰਤਾਂਤ ਦੀ ਜੰਗ ਕੋਈ ਨਿਵੇਕਲਾ ਮਸਲਾ ਨਹੀਂ ਹੈ। ਮਨੁੱਖੀ ਇਤਿਹਾਸ ਵਿਚ ਸਦੀਆਂ ਤੋਂ ਊਚ-ਨੀਚ ਵਾਲਾ ਪਾੜਾ ਇਸੇ ਦੀ ਦੇਣ ਹੈ, ਜੋ ਕਿ ਅੱਜ ਤਕ ਵੀ ਨਿਰੰਤਰ ਜਾਰੀ ਹੈ। ਕਬੀਲਿਆਂ ਦੇ ਰੂਪ ਵਿਚ ਆਦਿ ਵਾਸੀ ਮਨੁੱਖਾਂ ਨੇ ਕਿਸੇ ਗੈਬੀ ਸ਼ਕਤੀ ਨੂੰ ਲੈ ਕੇ ਕਈ ਤਰ੍ਹਾਂ ਦੇ ਬਿਰਤਾਂਤ ਸਿਰਜੇ। ਅਜਿਹੇ ਬਿਰਤਾਂਤ ਕਬੀਲੇ ਦੇ ਕੁਝ ਮੋਹਰੀ ਬੰਦਿਆਂ ਦੀ ਮਾਨਸਿਕ ਘਾੜ੍ਹਤ ਹੀ ਸਨ। ਇਕ ਦੂਜੇ ਕਬੀਲਿਆਂ ਨਾਲ ਛੋਟੀਆਂ-ਮੋਟੀਆਂ ਲੜਾਈਆਂ ਤੇ ਰਜ਼ਾ-ਮੰਦੀਆਂ ਕਰਦਿਆਂ/ਕਰਵਾਉਂਦਿਆਂ ਕਬੀਲਿਆਂ ਦੇ ਇਨ੍ਹਾਂ ਮੁਖੀਆਂ ਨੇ ਆਪਣੀ ਹੈਜ਼ਮਨੀ ਸਥਾਪਿਤ ਕੀਤੀ ਹੋਈ ਸੀ। ਜਿਸ ਨੂੰ ਬਰਕਰਾਰ ਰੱਖਣ ਲਈ ਉਹ ਲਗਾਤਾਰ ਬਿਰਤਾਂਤ ਸਿਰਜਦੇ ਰਹਿੰਦੇ ਸਨ। ਬਿਰਤਾਂਤ ਦੀ ਜੰਗ ਛਿੜਨ ਦਾ ਮੁੱਖ ਕਾਰਨ ਸੱਚ ਅਤੇ ਝੂਠ ਦੇ ਪ੍ਰਚਾਰ ਅਤੇ ਪ੍ਰਸਾਰ ਉੱਪਰ ਬਹਿਸ ਅਤੇ ਇਸ ਦੀ ਰੋਕਥਾਮ ਲਈ ਉਠਾਏ ਕਦਮ ਹਨ। ਅੱਜ ਸੋਸ਼ਲ ਮੀਡੀਆ ਦੇ ਯੁਗ ਵਿਚ ਸਾਡੇ ਸਾਹਮਣੇ ਮਸਨੂਈ ਬੁੱਧੀ (ਏਆਈ) ਦੀ ਮਦਦ ਨਾਲ ਜੋ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਉਸ ਵਿਚੋਂ ਸੱਚ ਤੇ ਝੂਠ ਦਾ ਨਿਤਾਰਾ ਕਰਨਾ ਬੇਹੱਦ ਗੁੰਝਲਦਾਰ ਬਣ ਗਿਆ ਹੈ। ਇਹ ਬਹੁ-ਕੌਮੀ ਕੰਪਨੀਆਂ ਦਾ ਨਵਾਂ ਪੂੰਜੀਵਾਦੀ ਮਾਡਲ ਹੈ, ਜਿਸ ਤਹਿਤ ਮਨੁੱਖ ਵਿਚਾਰਾਂ ਦੀ ਜੰਗ ਵਿਚ ਹੀ ਉਲਝਿਆ ਰਹਿ ਜਾਂਦਾ ਹੈ ਅਤੇ ਬਹੁਤ ਕੁਝ ਉਸ ਦੇ ਹੱਥੋਂ ਨਿਕਲ ਕੇ ਬਹੁ-ਤਕਨੀਕੀ ਕੰਪਨੀਆਂ ਦੇ ਹੱਥ ਵਿਚ ਜਾ ਰਿਹਾ ਹੈ। ਇਹ ਬਿਰਤਾਂਤ ਦੀ ਜੰਗ ਤੋਂ ਅਗਲੇ ਪੜਾਅ ਤਕਨੀਕੀ ਜੰਗ (Techno War) ਵੱਲ ਵਧ ਰਹੇ ਕਦਮ ਹਨ।

ਜਾਤ/ਧਰਮ ਦੇ ਆਧਾਰ 'ਤੇ ਹੋਈ ਸਮਾਜਕ ਵੰਡ ਵਿਚ ਦਲਿਤਾਂ ਪ੍ਰਤੀ ਸਿਰਜਿਆ ਗਿਆ ਬਿਰਤਾਂਤ ਦਲਿਤ ਸਮਾਜ ਨੂੰ ਬੇਹੱਦ ਨੁਕਰੇ ਲਗਾਉਂਦਾ ਹੈ। ਭਾਰਤੀ ਸਮਾਜਕ ਵਿਵਸਥਾ ਵਿਚ ਦਲਿਤ ਦੀ ਸਥਿਤੀ ਤੇ ਦਲਿਤ ਦੀ ਹੋਣੀ ਲਈ ਸਿਰਜਿਆ ਗਿਆ ਬਿਰਤਾਂਤ ਬੜਾ ਗੁੰਝਲਦਾਰ ਮਸਲਾ ਹੈ। ਸਦੀਆਂ ਤੋਂ ਚੱਲੀ ਆ ਰਹੀ ਜਾਤ-ਪਾਤੀ ਵਿਵਸਥਾ ਨੇ ਦਲਿਤਾਂ ਨੂੰ ਬਹੁਤ ਤਰਸਯੋਗ ਜਿੰਦਗੀ ਜਿਉਣ ਲਈ ਮਜਬੂਰ ਕੀਤਾ ਹੋਇਆ ਹੈ। ਦਲਿਤ ਸ਼ਬਦ ਆਪਣੇ ਅਰਥਾਂ 'ਦਲਿਆ ਹੋਇਆ', 'ਦਰੜਿਆ ਹੋਇਆ' ਤੋਂ ਹੀ ਆਪਣੀ ਸਥਿਤੀ ਨੂੰ ਸਪਸ਼ਟ ਕਰ ਦਿੰਦਾ ਹੈ। ਇਸ ਸਮਾਜ ਲਈ ਇਸ ਤਰ੍ਹਾਂ ਦੇ ਬਿਰਤਾਂਤ ਦੀ ਸਿਰਜਣਾ ਕਿਵੇਂ? ਕਦੋਂ? ਅਤੇ ਕਿਸ ਨੇ? ਕੀਤੀ,

ਇਹ ਵੀ ਅਹਿਮ ਸਵਾਲ ਹਨ। ਸਦੀਆਂ ਪੁਰਾਣੀ ਇਸ ਵਰਨ-ਵੰਡ ਦਾ ਸਬੰਧ ਬ੍ਰਾਹਮਣਵਾਦੀ ਵਿਚਾਰਧਾਰਾ ਨਾਲ ਜਾ ਜੁੜਦਾ ਹੈ। ਵੈਸੇ ਬ੍ਰਾਹਮਣਵਾਦ ਕੋਈ ਵੱਖਰਾ ਧਰਮ, ਜਾਤ ਜਾਂ ਕਬੀਲਾ ਨਹੀਂ ਹੈ ਇਹ ਕੇਵਲ ਛੜਯੰਤਰ ਹੈ, ਜਿਸ ਨੇ ਉਚ-ਨੀਚ ਦਾ ਅਜਿਹਾ ਬਿਰਤਾਂਤ ਸਿਰਜਿਆ ਕਿ ਆਪਣੇ-ਆਪ ਨੂੰ ਸਵਰਨ-ਜਾਤੀ, ਉੱਚ-ਧਰਮੀ ਸਮਝਣ ਵਾਲੇ ਆਰੀਆ ਲੋਕਾਂ ਨੇ ਭਾਰਤ ਦੇ ਮੂਲ ਵਾਸੀਆਂ ਨੂੰ ਅਸਭਿਅਕ/ਗਵਾਰ ਵਗੈਰਾ ਆਖ ਕੇ ਆਪਣੀ ਚੌਧਰ ਸਥਾਪਿਤ ਕੀਤੀ। ਇੰਜ ਹੀ ਉਹਨਾਂ ਅਜਿਹੇ ਬਿਰਤਾਂਤ ਸਿਰਜਣੇ ਸ਼ੁਰੂ ਕੀਤੇ ਜਿਨ੍ਹਾਂ ਨੇ ਇਥੋਂ ਦੇ ਮੂਲ ਵਾਸੀਆਂ ਅੰਦਰ ਸਵੈਹੀਣਤਾ ਦੇ ਭਾਵ ਪੈਦਾ ਕਰ ਦਿੱਤੇ। ਇਨ੍ਹਾਂ ਉੱਚ-ਕੁਲੀਨ ਆਰੀਅਨ ਲੋਕਾਂ ਨੇ ਭਾਰਤ ਦੇ ਮੂਲ ਨਿਵਾਸੀਆਂ (ਦ੍ਰਾਵਿੜਾਂ) ਲਈ ਅਛੂਤ, ਭੰਗੀ, ਚੂਹੜੇ, ਚਮਾਰ ਆਦਿ ਜਾਤੀ ਸੂਚਕ ਸ਼ਬਦ ਵਰਤਣੇ ਸ਼ੁਰੂ ਕੀਤੇ। ਇਹ ਆਰੀਅਨ ਲੋਕ 1500 ਪੂ. ਈਸਵੀ ਦੇ ਲਗਭਗ ਭਾਰਤ ਵਿਚ ਆਏ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਉਸ ਵਕਤ ਭਾਰਤ ਦੇ ਮੂਲਵਾਸੀਆਂ (ਦ੍ਰਾਵਿੜਾਂ) ਨੂੰ ਹਰਾ ਕੇ ਆਪਣੀ ਸੱਤਾ ਸਥਾਪਿਤ ਕੀਤੀ। ਹੌਲ਼ੀ-ਹੌਲ਼ੀ ਭਾਰਤ ਦੇ ਮੂਲ ਵਾਸੀ ਇਨ੍ਹਾਂ ਆਰੀਅਨ ਲੋਕਾਂ ਦੇ ਅਧੀਨ ਗੁਲਾਮਾਂ, ਦਾਸਾਂ/ਬੰਧੂਆਂ ਵਾਲੀ ਜਿੰਦਗੀ ਜਿਊਣ ਲਈ ਮਜਬੂਰ ਹੋ ਗਏ। ਏਥੋਂ ਹੀ ਆਰੀਅਨ ਲੋਕਾਂ ਨੇ ਅਜਿਹੇ ਬਿਰਤਾਂਤ ਸਿਰਜਣੇ ਸ਼ੁਰੂ ਕੀਤੇ, ਜੋ ਭਾਰਤ ਦੇ ਇਨ੍ਹਾਂ ਮੂਲਵਾਸੀਆਂ ਨੂੰ ਦਲਿਤ ਦਾ ਸੰਤਾਪ ਹੰਢਾਉਣ ਲਈ ਮਜਬੂਰ ਕਰਦੇ ਹਨ। "ਇਸ ਤਰ੍ਹਾਂ ਭਾਰਤ ਵਿਚ ਜਾਤੀ ਪ੍ਰਥਾ ਜਾਂ ਵਰਣ-ਵਿਵਸਥਾ ਦਾ ਆਰੰਭ ਇਸੇ ਆਰੀਆ/ਵੈਦਿਕ ਕਾਲ ਵਿਚ ਹੋਇਆ। ਇਸ ਗੱਲ ਦਾ ਮੁੱਢਲਾ ਪ੍ਰਮਾਣ ਵੀ ਰਿਗਵੇਦ ਵਿਚ ਮਿਲ ਜਾਂਦਾ ਹੈ। ਇਸ ਪਾਵਨ ਪਾਠ ਦੇ ਇਕ ਸੂਕਤ (ਪੁਰਸ਼, ਸੂਕਤ) ਵਿਚ ਵਿਭਿੰਨ ਜਾਤੀਆਂ ਦੀ ਉਤਪਤੀ ਬਾਰੇ ਇਕ ਮਿਥਿਕ ਬਿਰਤਾਂਤ ਉਸਾਰਿਆ ਗਿਆ ਹੈ। ਇਸ ਮਿਥਿਕ ਬਿਰਤਾਂਤ ਵਿਚ ਦੈਵੀ ਸੱਤਾ ਨੂੰ ਬ੍ਰਹਿਮੰਡੀ ਪੁਰਖ ਦੇ ਰੂਪ ਵਿਚ ਚਿਤਵ ਕੇ ਵਿਭਿੰਨ ਜਾਤੀਆਂ ਨੂੰ ਉਸਦੇ ਸਰੀਰ ਦੇ ਵਿਭਿੰਨ ਅੰਗਾਂ ਵਿਚੋਂ ਉਪਜਣ ਦੀ ਗੱਲ ਆਖੀ ਗਈ ਹੈ। ਮਿਸਾਲ ਵਜੋਂ ਬ੍ਰਹਮ ਰੂਪੀ ਉਸ ਪਰਮ ਪੁਰਖ ਦੇ ਮੁਖ ਤੋਂ ਬ੍ਰਾਹਮਣ, ਉਸਦੀਆਂ ਭੁਜਾਵਾਂ ਤੋਂ ਖੱਤਰੀ, ਉਸਦੇ ਪੱਟਾਂ ਤੋਂ ਵੈਸ਼ ਅਤੇ ਉਸਦੇ ਪੈਰਾਂ ਤੋਂ ਸ਼ੂਦਰ ਪੈਦਾ ਹੋਏ।"[5] ਇਸ ਮਿਥਿਕ ਬਿਰਤਾਂਤ ਦੇ ਪਿਛੇ ਇਕ ਵੱਡੀ ਸਾਜਿਸ਼ ਪਈ ਹੈ, ਜੋ ਇਹ ਸਪੱਸ਼ਟ ਕਰਦੀ ਹੈ ਕਿ ਆਰੀਅਨ/ਵੈਦਿਕ ਪਰੰਪਰਾ ਨੇ ਹੀ ਜਾਤੀ ਪ੍ਰਥਾ ਦਾ ਮੁੱਢ ਬੰਨ੍ਹ ਦਿੱਤਾ ਸੀ। ਲੋਕਾਂ ਵਿਚ ਅਜਿਹੀ ਕਹਾਣੀ ਦਾ ਪ੍ਰਚਾਰ ਇਸ ਜਾਤੀਗਤ ਵਰਤਾਰੇ ਨੂੰ ਪੱਕਿਆਂ ਕਰਨ ਲਈ ਹੀ ਕੀਤਾ ਗਿਆ। ਜਿਸ ਨੂੰ ਲੋਕਾਂ ਨੇ ਸੱਚ ਸਮਝ ਕੇ 'ਬ੍ਰਹਮ' ਦਾ ਹੁਕਮ ਮੰਨਦਿਆਂ ਸਵੀਕਾਰ ਕੀਤਾ।

ਇਸ ਤਰ੍ਹਾਂ ਹੌਲ਼ੀ-ਹੌਲ਼ੀ ਇਨ੍ਹਾਂ ਸਮੂਹ ਨਿਮਨ-ਜਾਤੀਆਂ ਨੂੰ ਸ਼ਿਕਾਰ, ਸਿੱਖਿਆ, ਯੁੱਧ ਵਰਗੇ ਖੇਤਰਾਂ ਵਿਚ ਅਯੋਗ ਗਰਦਾਨ ਕੇ ਬਾਹਰ ਕਰ ਦਿੱਤਾ ਤੇ ਸਾਰੀ ਸਮਾਜਕ ਵਿਵਸਥਾ ਉੱਪਰ ਆਪਣੀ ਚੌਧਰ ਸਥਾਪਿਤ ਕਰ ਲਈ। ਸਿੱਖਿਆ ਤੋਂ ਵਾਂਝੇ ਇਹ ਲੋਕ ਪੂਰੀ ਤਰ੍ਹਾਂ ਇਹਨਾਂ ਆਰੀਅਨ ਬ੍ਰਾਹਮਣਵਾਦੀ ਪੰਡਿਤਾਂ ਦੇ ਅਧੀਨ ਹੋ ਗਏ। ਹੌਲ਼ੀ-ਹੌਲ਼ੀ ਧਰਮ ਜਾਲ ਵਿਚ ਫਸਾ ਕੇ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਨਵੇਂ-ਨਵੇਂ ਬਿਰਤਾਂਤ ਘੜ੍ਹਨੇ ਸ਼ੁਰੂ ਕੀਤੇ। ਇਸੇ ਬਿਰਤਾਂਤਕਾਰੀ ਵਿਚੋਂ ਹੀ ਨਿਮਨ-ਜਾਤੀਆਂ ਨੂੰ ਹੋਰ ਖੂੰਜੇ ਲਾਉਣ ਲਈ ਮਨੂ ਸਮ੍ਰਿਤੀ ਅਨੁਸਾਰ ਵਰਨ ਵੰਡ ਦਾ ਸਿਧਾਂਤਕ ਰੂਪ ਵਿਚ ਅਜਿਹਾ ਮਿਥਿਕ ਬਿਰਤਾਂਤ ਸਿਰਜਿਆ ਗਿਆ ਜਿਸ ਨੇ ਦਲਿਤ ਭਾਈਚਾਰੇ ਨੂੰ ਸਦੀਆਂ ਤਕ ਨਰਕ ਭੋਗਣ ਲਈ ਇਨ੍ਹਾਂ ਸ੍ਵੈ-ਸਿਰਜਿਤ ਜਾਤਾਂ ਦੇ ਗੁਲਾਮ ਬਣਾ ਕੇ ਰੱਖ ਦਿੱਤਾ। ਮਨੂੰ ਨੇ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਭਾਵ ਚਾਰ ਵਰਨਾਂ ਦੀ ਅਜਿਹੀ ਮਿਥ ਸਿਰਜੀ ਜਿਸ ਨੂੰ ਉਸ ਵਕਤ ਦੇ ਸਮੁੱਚੇ ਸਮਾਜ ਲਈ ਮੰਨਣਾ ਕਿਸੇ ਦੈਵੀ ਪ੍ਰਵਚਨ ਤੋਂ ਘੱਟ ਨਹੀਂ ਸੀ। ਅੱਜ ਜਿਥੇ ਮਨੁੱਖ ਸਭ ਹੱਦਾਂ/ਸਰਹੱਦਾਂ ਤੋਂ ਪਾਰ ਵਿਚਰਨ ਦੇ ਸਮਰੱਥ ਹੈ, ਉਥੇ ਇਹ ਮਨੁੱਖ ਜਾਤਪਾਤੀ ਵਿਤਕਰੇ ਦੀਆਂ ਸੀਮਾਵਾਂ ਤੋਂ ਅਜੇ ਵੀ ਮੁਕਤ ਨਹੀਂ ਹੋ ਸਕਿਆ। ਇਹ ਹੁੰਦੀ ਹੈ ਬਿਰਤਾਂਤ ਦੀ ਸ਼ਕਤੀ। ਕਿਵੇਂ ਕੋਈ ਬਿਰਤਾਂਤ ਸਿਰਜਿਆ ਜਾਂਦਾ ਹੈ, ਕਿਵੇਂ ਉਸਨੂੰ ਲੋਕਾਂ ਉੱਪਰ ਲਾਗੂ ਕੀਤਾ ਜਾਂਦਾ ਹੈ ਅਤੇ ਕਿਵੇਂ ਅਸਲੀਅਤ ਪਤਾ ਲੱਗਣ ਦੇ ਬਾਵਜੂਦ ਵੀ ਲੋਕ ਇਸ ਹੋਣੀ ਨੂੰ ਸਦੀਆਂ ਤਕ ਹੰਢਾਉਣ ਲਈ ਮਜਬੂਰ ਰਹਿੰਦੇ ਹਨ। ਮਨੂੰ ਸਿਮ੍ਰਤੀ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਏਨਾ ਪ੍ਰਚਾਰਿਆ ਤੇ ਪ੍ਰਸਾਰਿਆ ਕਿ ਇਸ ਨੂੰ ਇਕ ਧਰਮ ਗ੍ਰੰਥ ਜਿੰਨੀ ਮਾਨਤਾ ਦਿੱਤੀ ਗਈ। "ਮਨੂੰ ਸਿਮ੍ਰਿਤੀ ਦੇ ਪਹਿਲੇ ਅਧਿਆਇ ਵਿਚ ਇਸ ਮਿਥ ਦਾ ਪ੍ਰਸੰਗ ਉਸਾਰਿਆ ਗਿਆ ਹੈ ਕਿ ਜਿਸ ਦਾ ਆਰੰਭ ਇਸ ਤਰ੍ਹਾਂ ਹੈ ਕਿ ਕੁਝ ਮਹਾਨ ਰਿਸ਼ੀਆਂ ਨੇ ਮਨੂ ਦੀ ਅਰਾਧਨਾ ਕੀਤੀ ਤੇ ਉਸ ਪਾਸ ਜਾ ਕੇ ਬੇਨਤੀ ਕੀਤੀ ਕਿ ਹੇ ਦੇਵਾਤਮਾ! ਸਾਨੂੰ ਚਾਰਾਂ ਪ੍ਰਮੁਖ ਵਰਣਾਂ (ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ) ਦੇ ਧਰਮ ਬਾਰੇ ਗਿਆਨ ਦਿਉ।"[6] ਮਨੂੰ ਸਿਮ੍ਰਤੀ ਅਨੁਸਾਰ ਸਿਰਜੀ ਵਰਨ-ਵੰਡ ਦੇ ਮਿੱਥ ਨੂੰ ਅਸੀਂ ਸਭ ਭਲੀ ਭਾਂਤ ਜਾਣਦੇ ਹਾਂ ਕਿ ਕਿਵੇਂ ਬ੍ਰਾਹਮਣ ਦੇ ਮੂੰਹ, ਬਾਹਵਾਂ, ਪੱਟਾਂ ਤੇ ਪੈਰਾਂ ਵਿਚ ਕ੍ਰਮਵਾਰ ਪੈਦਾ ਹੋਏ। ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਦੇ ਕੰਮ ਨਿਰਧਾਰਿਤ ਕੀਤੇ ਗਏ। ਇਹ ਵੀ ਮਿੱਥ ਹੀ ਹੈ ਕਿ ਬ੍ਰਹਮਾ ਦੇ ਹੁਕਮ ਅਨੁਸਾਰ ਨਿਰਧਾਰਿਤ ਜਿੰਮੇਵਾਰੀਆਂ ਨੂੰ ਨਿਭਾਉਣਾ ਹੀ ਸਾਡਾ ਸਭ ਦਾ ਅਸਲ ਧਰਮ ਹੈ। ਇਸ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ

ਕਿ ਦਲਿਤ ਦਾ ਬਿਰਤਾਂਤ ਮਿੱਥਾਂ ਰਾਹੀਂ ਸਿਰਜਿਆ ਗਿਆ ਬਿਰਤਾਂਤ ਹੈ। ਇਸ ਮਿੱਥ ਨੂੰ ਆਧਾਰ ਬਣਾ ਕੇ ਹੀ ਇਨ੍ਹਾਂ ਚਾਰਾਂ ਵਰਨਾਂ ਦੇ ਕੰਮ ਨਿਰਧਾਰਿਤ ਕੀਤੇ ਗਏ। ਜਿਨ੍ਹਾਂ ਨੂੰ ਮੰਨਣਾ ਇਨ੍ਹਾਂ ਦਾ ਦੈਵੀ ਧਰਮ (ਫਰਜ਼) ਸਮਝਿਆ ਗਿਆ। ਨਿਮਰਤਾ ਅਤੇ ਅਧੀਨਗੀ ਵਿਚ ਰਹਿੰਦਿਆਂ ਆਪਣੇ ਤੋਂ ਉਪਰ ਤਿੰਨਾਂ ਵਰਣਾਂ ਦੀ ਸੇਵਾ ਕਰਨਾ ਦਲਿਤਾਂ ਦਾ ਧਰਮ ਮੰਨਿਆ ਗਿਆ। ਜਿਸ ਨੂੰ ਇਨ੍ਹਾਂ ਨਿਮਨ-ਜਾਤੀਆ ਨੇ ਬ੍ਰਹਮ ਰੂਪੀ ਪੁਰਖ ਦਾ ਹੁਕਮ ਮੰਨ ਕੇ ਸਵੀਕਾਰ ਕੀਤਾ। ਇਹ ਧਰਮ ਤੇ ਕਰਮ ਦਾ ਬਿਰਤਾਂਤ ਦਲਿਤਾਂ ਦੀ ਸਦੀਵੀ ਹੋਣੀ ਬਣ ਗਿਆ।

ਸਦੀਆਂ ਤਕ ਇਹਨਾਂ ਅਛੂਤ ਜਾਤੀਆਂ ਨੂੰ ਹਾਸ਼ੀਏ 'ਤੇ ਵਿਚਰਨਾ ਪਿਆ। ਇਹਨਾਂ ਕੋਲ ਆਪਣੇ ਦੁੱਖ ਦਰਦ ਕਹਿਣ ਦੇ ਵੀ ਹੱਕ ਨਹੀਂ ਸਨ। ਇਹ ਲੋਕ ਸਿਖਿਅਤ ਨਾ ਹੋਣ ਕਰਕੇ ਬੋਲ ਵੀ ਨਹੀਂ ਸਕਦੇ ਸਨ। ਅਸਲ ਵਿਚ ਮਨੂੰਵਾਦੀ ਬਿਰਤਾਂਤ ਦੀ ਮਜਬੂਤੀ ਏਨੀ ਸੀ ਕਿ ਨਿਮਨ ਜਾਤੀਆਂ ਆਪਣੇ ਨਾਲ ਹੁੰਦੇ ਅਨਿਆਂ ਨੂੰ ਕਰਮਾਂ ਦਾ ਫਲ ਸਮਝ ਕੇ ਭੁਗਤ ਰਹੀਆਂ ਸਨ। ਇਨ੍ਹਾਂ ਅੰਦਰ ਪੈਦਾ ਹੁੰਦਾ ਵਿਦਰੋਹ ਅਕਸਰ ਖਾਮੋਸ਼ ਹੋ ਜਾਂਦਾ ਸੀ। ਅਜਿਹੀ ਗੁਰਬਤ ਭਰੀ ਜ਼ਿੰਦਗੀ ਚੋਂ ਨਿਕਲਣ ਲਈ ਕਾਊਂਟਰ ਨੈਰੇਟਿਵ (ਵਿਰੋਧੀ ਬਿਰਤਾਂਤ) ਸਿਰਜਣ ਦੀ ਲੋੜ ਸੀ। ਪਰ ਸਵਾਲ ਇਹ ਵੀ ਸੀ ਕਿ ਅਜਿਹਾ ਬਿਰਤਾਂਤ ਸਿਰਜੇਗਾ ਕੌਣ? ਪਰ ਇਹ ਵੀ ਜ਼ਰੂਰੀ ਸੀ ਕਿ ਇਸ ਪ੍ਰਚੱਲਿਤ ਬਿਰਤਾਂਤ ਦੀ ਚਿਰ-ਸਥਿਰਤਾ ਨੂੰ ਤੋੜਨ ਲਈ ਉਸ ਦੇ ਮੁਕਾਬਲਤਨ ਅਜਿਹਾ ਬਿਰਤਾਂਤ ਸਿਰਜਿਆ ਜਾਵੇ, ਜੋ ਇਸ ਦੀਆਂ ਸਮਾਜਕ ਦਰਜੇਬੰਦੀਆਂ ਦਾ ਖੰਡਨ ਕਰ ਸਕੇ। ਮੰਨੂਵਾਦੀ ਬਿਰਤਾਂਤ ਨੂੰ ਤੋੜਨ ਲਈ ਜੈਨ ਅਤੇ ਬੁੱਧ ਮੱਤ ਪਰਸਪਰ ਵਿਰੋਧੀ ਬਿਰਤਾਂਤ (ਕਾਊਂਟਰ ਨੈਰੇਟਿਵ) ਸਿਰਜਦੇ ਹਨ। ਜਿਸ ਵਿਚ ਇਹਨਾਂ ਅਛੂਤ/ ਨਿਮਨ ਜਾਤੀਆਂ ਨੂੰ ਸਭ ਤੋਂ ਪਹਿਲਾਂ ਜੈਨ/ਬੋਧੀ ਮੱਠਾ/ਮੰਦਰਾਂ ਵਿਚ ਸ਼ਾਮਿਲ ਹੋਣ ਦੀ ਪ੍ਰਵਾਨਗੀ ਮਿਲਦੀ ਹੈ। ਜੈਨੀ ਅਤੇ ਬੋਧੀ ਪ੍ਰਵਚਨਾਂ ਰਾਹੀਂ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਅਜਿਹੇ ਹੋਰ ਵੀ ਕਈ ਬਿਰਤਾਂਤਾਂ ਦੇ ਵਿਰੋਧ ਵਿਚ ਕਾਊਂਟਰ ਨੈਰੇਟਿਵ ਸਿਰਜੇ ਗਏ, ਜਿਨ੍ਹਾਂ ਰਾਹੀਂ ਅਛੂਤ ਜਾਤੀਆਂ ਨੂੰ ਹਾਸ਼ੀਏ ਤੋਂ ਕੇਂਦਰ ਵਿਚ ਲਿਆਉਣ ਦੇ ਮੁੱਢਲੇ ਯਤਨ ਆਰੰਭ ਹੋਏ। ਵਿਰੋਧੀ ਬਿਰਤਾਂਤ (ਕਾਊਂਟਰ ਨੈਰੇਟਿਵ) ਦੀ ਪ੍ਰਕਿਰਿਆ ਨਿਰੰਤਰ ਕਾਰਜਸ਼ੀਲ ਰਹਿੰਦੀ ਹੈ ਜਿਸ ਦੇ ਪ੍ਰਭਾਵ ਹੇਠ ਹੌਲੀ-ਹੌਲੀ ਇਹਨਾਂ ਅਛੂਤ/ਨਿਮਨ ਜਾਤੀਆਂ ਅੰਦਰ ਚੇਤਨਾ ਪੈਦਾ ਹੁੰਦੀ ਹੈ। ਇਹ ਸਿੱਖਿਅਤ ਹੋਣ ਲੱਗਦੇ ਹਨ। ਇਹੀ ਚੇਤਨਤਾ/ਸਿੱਖਿਆ ਇਹਨਾਂ ਅੰਦਰ ਬੋਲਣ ਅਤੇ ਵਿਰੋਧ ਕਰਨ ਦਾ ਹੌਂਸਲਾ ਪੈਦਾ ਕਰਦੀ ਹੈ। ਇਸ ਤਰ੍ਹਾਂ ਬੋਧ ਮੱਤ ਤੇ ਜੈਨ ਮੱਤ ਨੇ ਬ੍ਰਾਹਮਣਵਾਦੀ ਸੱਤਾ ਦੇ ਖਿਲਾਫ਼ ਵਿਰੋਧੀ ਬਿਰਤਾਂਤ ਸਿਰਜਣ ਦੀ ਜਰਬਦਸਤ ਪਹਿਲਕਦਮੀ ਕੀਤੀ। ਮੱਧਕਾਲ ਤਕ ਆਉਂਦਿਆਂ ਕਈ ਸੰਤਾਂ/ਭਗਤਾਂ/ਸੂਫੀਆਂ/ ਗੁਰੂਆਂ ਨੇ ਮਨੂੰਵਾਦੀ ਜਾਤਪਾਤੀ ਵਰਨ ਵਿਵਸਥਾ ਦਾ ਜ਼ੋਰਦਾਰ ਖੰਡਨ ਕੀਤਾ। ਇਹਨਾਂ ਦੀ ਸਿਰਜਣਕਾਰੀ ਬ੍ਰਾਹਮਣਵਾਦੀ ਮਿਥਕ ਬਿਰਤਾਂਤਾਂ ਸਾਹਮਣੇ ਵੱਡੇ ਸਵਾਲ ਖੜ੍ਹੇ ਕਰਦੀ ਹੈ। ਇਸ ਸੰਦਰਭ ਵਿਚ ਭਗਤ ਕਬੀਰ ਜੀ ਦੀ ਬਾਣੀ ਨੂੰ ਵੇਖਿਆ ਜਾ ਸਕਦਾ ਹੈ :

*ਗਰਭ ਵਾਸ ਮਹਿ ਕੁਲੁ ਨਹੀਂ ਜਾਤੀ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥*
*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਇ ਬਾਮਨ ਕਹਿ ਕਹਿ ਜਨਮੁ ਮਤ ਖੋਏ ॥ ਰਹਾਉ ॥*
*ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ ਤਉ ਆਨ ਬਾਟ ਕਾਹੇ ਨਹੀ ਆਇਆ ॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ ਹਮ ਕਤ ਲੋਹੂ ਤੁਮ ਕਤ ਦੂਧ ॥*
*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ਸੋ ਬ੍ਰਾਹਮਣ ਕਹੀਅਤ ਹੈ ਹਮਾਰੇ ॥*[7]

ਇਥੇ ਭਗਤ ਕਬੀਰ ਜੀ ਅਜਿਹੀ ਸਿਰਜਣਾ ਕਰਦੇ ਹਨ ਜਿਸ ਰਾਹੀਂ ਉਹ ਬ੍ਰਾਹਮਣਵਾਦੀ ਮਿਥਿਕ ਬਿਰਤਾਂਤ ਦਾ ਖੰਡਨ ਕਰਕੇ ਬ੍ਰਾਹਮਣ ਨੂੰ ਹੀ ਬ੍ਰਾਹਮਣ ਦੇ ਸਹੀ ਅਰਥਾਂ ਤੋਂ ਜਾਣੂ ਕਰਵਾਉਂਦੇ ਹਨ। ਵਿਰੋਧੀ ਬਿਰਤਾਂਤ ਦੀ ਇਸੇ ਕੜੀ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਇਸ ਜਾਤ ਪਾਤੀ ਵਰਨ ਵਿਵਸਥਾ ਦਾ ਖੰਡਨ ਕੀਤਾ। ਉਨ੍ਹਾਂ ਨੇ ਆਪਣੀ ਬਾਣੀ ਵਿਚ ਨਿਮਨ-ਜਾਤੀਆਂ ਨਾਲ ਇਨਸਾਨੀਅਤ ਦੇ ਪੱਖ ਤੋਂ ਹਮਦਰਦੀ ਪ੍ਰਗਟ ਕਰਦਿਆਂ ਉਨ੍ਹਾਂ ਪ੍ਰਤੀ ਫੈਲਾਈ ਨਫ਼ਰਤ ਦੀ ਧਾਰਨਾ ਨੂੰ ਨਕਾਰਦਿਆਂ ਉਨ੍ਹਾਂ ਨਾਲ ਸਾਥ ਕਰਨ ਦੀ ਅਹਿਮੀਅਤ ਉੱਪਰ ਬਲ ਦਿੱਤਾ ਹੈ :

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*
*ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥*[8]

ਇੱਥੇ ਗੁਰੂ ਨਾਨਕ ਦੇਵ ਜੀ ਅਜਿਹਾ ਸਿਰਜਣਾਤਮਕ ਬਿਰਤਾਂਤ ਪੇਸ਼ ਕਰਦੇ ਹਨ ਜੋ ਨਿਮਨ-ਜਾਤੀਆਂ ਅੰਦਰ ਸਵੈਮਾਣ ਪੈਦਾ ਕਰਦਾ ਹੈ। ਇਸ ਵਕਤ ਗੁਰਮਤਿ ਅਤੇ ਭਗਤੀ ਕਾਵਿ-ਸਿਰਜਣਾ ਨੇ ਦਲਿਤ ਪ੍ਰਤੀ

ਪ੍ਰਚੱਲਿਤ ਮਿਥਿਕ ਬਿਰਤਾਂਤ ਦੇ ਪਰਸਪਰ ਪ੍ਰਤੀਰੋਧੀ ਪ੍ਰਵਚਨ ਉਸਾਰੇ। ਕਾਵਿ-ਸਿਰਜਣਾ ਦੇ ਮਾਧਿਅਮ ਰਾਹੀਂ ਮੱਧਕਾਲ ਦੀਆਂ ਗੁਰਮਤਿ, ਭਗਤੀ ਅਤੇ ਸੂਫੀ ਲਹਿਰਾਂ ਨੇ ਵਿਦਰੋਹੀ ਸੁਰ ਵਿਚ ਵਰਣ-ਵੰਡ ਦੇ ਬ੍ਰਾਹਮਣਵਾਦੀ ਮਿਥਿਕ ਬਿਰਤਾਂਤਾਂ ਦਾ ਪਰਦਾਫਾਸ਼ ਕੀਤਾ। ਭਗਤੀ ਲਹਿਰ ਤੇ ਗੁਰਮਤਿ ਵਿਚਾਰਧਾਰਾ ਨੇ ਦਲਿਤ ਵਰਗਾਂ ਨਾਲ ਡੂੰਘੀ ਸੰਵੇਦਨਾ ਪ੍ਰਗਟਾਉਂਦਿਆਂ ਇਹਨਾਂ ਦੀ ਸਮਾਜਕ ਸਪੇਸ ਨੂੰ ਤਰਜੀਹ ਦਿੱਤੀ। ਗੁਰੂ ਅਮਰਦਾਸ ਜੀ ਨੇ ਜਾਤੀ ਪ੍ਰਥਾ ਦਾ ਵਿਰੋਧ ਕਰਦਿਆ ਇਹ ਸਪੱਸ਼ਟ ਕੀਤਾ ਕਿ ਉਸ ਪ੍ਰਮਾਤਮਾ ਦੀ ਨਜ਼ਰ ਵਿਚ ਸਾਰੇ ਮਨੁੱਖ ਇਕ ਸਮਾਨ ਹਨ। ਜਾਤ ਦਾ ਹੰਕਾਰ ਕਰਨ ਵਾਲੇ ਨੂੰ ਗੁਰੂ ਜੀ ਨੇ ਆਪਣੀ ਬਾਣੀ ਵਿਚ ਮੂਰਖ ਆਖਿਆ ਹੈ :

*ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥*
*ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥*
*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥*
*ਚਾਰੇ ਵਰਨ ਆਖੈ ਸਭੁ ਕੋਈ ॥*
*ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥੨॥* [9]

ਅਜਿਹਾ ਪਹਿਲੀ ਵਾਰ ਹੋਇਆ ਕਿ ਸਿੱਖ ਗੁਰੂ ਜੋ ਖੁਦ ਖੱਤਰੀ ਬ੍ਰਾਹਮਣਾਂ ਵਿਚੋਂ ਸਨ ਪਰ ਉਹਨਾਂ ਨੇ ਬ੍ਰਾਹਮਣਵਾਦੀ ਪਰੰਪਰਾਵਾਂ ਦਾ ਜ਼ੋਰਦਾਰ ਖੰਡਨ ਕੀਤਾ। ਅਜਿਹੀਆਂ ਬਹੁਤ ਸਾਰੀਆਂ ਸਾਖੀਆਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਬ੍ਰਾਹਮਣਾਂ ਦੁਆਰਾ ਫੈਲਾਏ ਕਰਮਕਾਂਡਾਂ ਭਾਵ ਮਿਥਿਕ ਬਿਰਤਾਂਤਾਂ ਨੂੰ ਨਕਾਰਦਿਆਂ ਅਸਲੀਅਤ ਦੇ ਅਰਥਾਂ ਤੋਂ ਜਾਣੂ ਕਰਵਾਉਂਦੇ ਹਨ। ਲਗਭਗ ਸਾਰੇ ਸਿੱਖ ਗੁਰੂਆਂ ਨੇ ਜਾਤ-ਪਾਤ ਦੇ ਵਿਰੋਧ ਵਿਚ ਅਜਿਹੀ ਸਿਰਜਣਾ ਕੀਤੀ ਜਿਸ ਰਾਹੀਂ ਪਹਿਲੀ ਵਾਰ ਆਮ ਲੋਕਾਂ ਦੇ ਹਿੱਤਾਂ ਦੀ ਗੱਲ ਹੁੰਦੀ ਹੈ। ਇਸ ਪੱਖ ਤੋਂ ਮੱਧਕਾਲ ਨੂੰ ਜਾਗ੍ਰਿਤੀ ਦਾ ਕਾਲ ਵੀ ਕਿਹਾ ਜਾਂਦਾ ਹੈ। ਇਹੀ ਚੇਤਨਤਾ ਅੱਗੇ ਚੱਲ ਕੇ ਦਲਿਤ ਸਮੂਹਾਂ ਅੰਦਰ ਸਵੈਮਾਣ ਤੇ ਜਜ਼ਬਾ ਪੈਦਾ ਕਰਦੀ ਹੈ ਜੋ ਕਿ ਆਧੁਨਿਕ ਦੌਰ ਤਕ ਪਹੁੰਚਦਿਆਂ ਆਪਣਾ ਪ੍ਰਭਾਵੀ ਰੂਪ ਅਖਤਿਆਰ ਕਰਦਾ ਹੈ।

ਮੱਧਕਾਲੀ ਭਗਤੀ ਲਹਿਰ ਅਤੇ ਗੁਰੂ ਸਾਹਿਬਾਨ ਦੇ ਯਤਨਾਂ ਤੋਂ ਬਾਅਦ 19ਵੀਂ ਸਦੀ ਭਾਵ ਆਧੁਨਿਕ ਦੌਰ ਵਿਚ ਦਲਿਤ ਮੁਕਤੀ ਦੇ ਸਵਾਲ ਦੀ ਗੱਲ ਮਹਤਾਮਾ ਜੋਤੀ ਰਾਓ ਫੂਲੇ ਦੇ ਯਤਨਾਂ ਸਦਕਾ ਮਹਾਂਰਾਸ਼ਟਰਾ ਪ੍ਰਾਂਤ ਵਿਚ ਸ਼ੁਰੂ ਹੁੰਦੀ ਹੈ। ਮਹਾਤਮਾ ਜੋਤੀ ਰਾਓ ਫੂਲੇ ਦਾ ਦਲਿਤ ਮੁਕਤੀ ਦਾ ਸਿਧਾਂਤ ਦਲਿਤ ਹੀਣਤਾ ਅਤੇ ਦਲਿਤਾਂ ਦੇ ਬੋਧ ਦਾ ਤਿਆਗ ਕਰਕੇ ਦਲਿਤਾਂ ਨੂੰ ਸ੍ਵੈ–ਮਾਨਤਾ ਦਾ ਸਬਕ ਪੜ੍ਹਾਉਂਦਾ ਹੈ। "ਮਹਾਤਮਾ ਫੂਲੇ ਨੇ ਦਲਿਤ ਮੁਕਤੀ ਦੇ ਸਵਾਲ ਨੂੰ ਤਿੱਖਾ ਕਰਦੇ ਹੋਏ ਬ੍ਰਾਹਮਣਵਾਦ ਵਿਰੋਧੀ ਜਿਸ ਦਲਿਤ ਬਿਰਤਾਂਤ ਦਾ ਈਜਾਦ ਕੀਤਾ ਉਸ ਦੀ ਦਲਿਤ ਮੁਕਤੀ ਦੇ ਅਹਿਮ ਸਵਾਲ ਵਿਚ ਵਿਸ਼ੇਸ਼ ਭੂਮਿਕਾ ਹੈ। ਇਹ ਦਲਿਤ ਬਿਰਤਾਂਤ ਭਾਰਤ ਦੇ ਮੂਲ ਨਿਵਾਸੀਆਂ ਨੂੰ ਬਾਹਰੋਂ ਆਏ ਆਰੀਅਨ ਧਾੜਵੀਆਂ ਤੋਂ ਅਲੱਗ ਕਰਕੇ ਪੇਸ਼ ਕਰਦਾ ਹੈ। ਇਹ ਬਿਰਤਾਂਤ ਇਥੋਂ ਦੇ ਮੂਲ–ਬਾਸ਼ਿੰਦਿਆਂ/ ਦਲਿਤਾਂ ਨੂੰ ਭਾਰਤ ਦਾ ਅਸਲੀ ਮਾਲਕ ਅਤੇ ਭਾਰਤ ਇਨ੍ਹਾਂ ਦਾ ਜੱਦੀ ਘਰ ਦਰਸਾਉਂਦੇ ਹੋਏ ਆਰੀਅਨ ਲੋਕਾਂ ਨੂੰ ਵਿਦੇਸ਼ੀ ਅਤੇ ਲੁਟੇਰਿਆਂ ਦੇ ਰੂਪ ਵਿਚ ਪੇਸ਼ ਕਰਦਾ ਹੈ, ਜਿਨ੍ਹਾਂ ਨੇ ਇਨ੍ਹਾਂ ਮੂਲ–ਬਾਸ਼ਿੰਦਿਆਂ ਦੀ ਪੁਰਾਤਨ ਸਭਿਅਤਾ ਨੂੰ ਤੋੜ ਮਰੋੜ ਕੇ ਆਪਣੀ ਹੈਜ਼ਮਨੀ (ਜੱਫਾ/ਧਾਂਕ) ਸਥਾਪਿਤ ਕੀਤੀ।"[10] ਜੋਤੀ ਰਾਓ ਫੂਲੇ ਦੇ ਇਸ ਚਿੰਤਨ ਨੇ ਆਧੁਨਿਕ ਯੁੱਗ ਵਿਚ ਦਲਿਤ ਮੁਕਤੀ ਦੇ ਸਵਾਲ ਨੂੰ ਨਵੇਂ ਜਾਵੀਏ ਤੋਂ ਪੇਸ਼ ਕੀਤਾ। ਇਸੇ ਲੜੀ ਤਹਿਤ ਹੀ ਭਾਰਤ ਦੇ ਵੱਖ–ਵੱਖ ਰਾਜਾਂ ਵਿਚ ਦਲਿਤ ਸੰਗਠਨ ਸਥਾਪਿਤ ਹੁੰਦੇ ਹਨ। ਇਹ ਦਲਿਤ ਸੰਗਠਨ ਹੀ ਦਲਿਤ ਬਿਰਤਾਂਤ ਦੀ ਸਿਰਜਣਾ ਕਰਦੇ ਹਨ ਜਿਸ ਰਾਹੀਂ ਆਧੁਨਿਕ ਕਾਲ ਵਿਚ ਦਲਿਤ ਖ਼ੁਦ ਆਪਣੀ ਸਮਾਜਕ ਸਪੇਸ ਲਈ ਯਤਨਸ਼ੀਲ ਹੁੰਦੇ ਹਨ।

ਮਹਾਤਮਾ ਜੋਤੀ ਰਾਓ ਫੂਲੇ ਤੋਂ ਬਾਅਦ ਦਲਿਤ ਬਿਰਤਾਂਤ ਨੂੰ ਹੋਰ ਵਿਸਥਾਰ ਦੇਣ ਲਈ 'ਆਦਿ ਲਹਿਰਾਂ' ਅਤੇ ਬਾਬਾ ਸਾਹਿਬ ਅੰਬੇਡਕਰ ਦਾ 'ਦਲਿਤ ਅੰਦੋਲਨ' ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਆਦਿ ਲਹਿਰਾਂ ਜੋ ਕਿ ਭਾਰਤ ਦੇ ਵੱਖ–ਵੱਖ ਰਾਜਾਂ ਵਿਚ ਆਪਣੀ ਭੂਮਿਕਾ ਨਿਭਾ ਰਹੀਆਂ ਸਨ, ਉਨ੍ਹਾਂ ਵਿਚ ਸਭ ਤੋਂ ਵਧੇਰੇ ਚਰਚਿਤ ਉੱਤਰ-ਪ੍ਰਦੇਸ਼ ਦੀ 'ਆਦਿ ਹਿੰਦੂ ਲਹਿਰ' ਅਤੇ ਪੰਜਾਬ ਦੀ 'ਆਦਿ ਧਰਮੀ ਲਹਿਰ' ਸੀ। ਇਸੇ ਤਰ੍ਹਾਂ ਬਾਬਾ ਸਾਹਿਬ ਅੰਬੇਡਕਰ ਦਾ 'ਦਲਿਤ ਅੰਦੋਲਨ' ਵੀ ਲਗਭਗ ਸਮੁੱਚੇ ਭਾਰਤ ਵਿਚ ਆਪਣਾ ਪ੍ਰਭਾਵ ਸਥਾਪਿਤ ਕਰ ਚੁੱਕਾ ਸੀ। ਡਾ. ਅੰਬੇਡਕਰ ਨੇ ਦਲਿਤ ਸਮਾਜ ਨੂੰ ਬ੍ਰਾਹਮਣਵਾਦੀ ਜਾਲ 'ਚੋਂ ਕੱਢਣ ਲਈ ਅਣਥੱਕ ਯਤਨ ਅਰੰਭੇ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਹਿੰਦੂ ਧਰਮ ਵਿਚ ਰਹਿ ਕੇ ਇਸ ਜਾਤੀ ਵਿਤਕਰੇ ਤੋਂ ਛੁਟਕਾਰਾ ਪਾਉਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਸੀ। ਇਸੇ ਲਈ ਡਾ. ਅੰਬੇਡਕਰ ਨੇ ਇਕ ਅਜਿਹਾ ਇਤਿਹਾਸਕ ਫੈਸਲਾ ਲਿਆ ਜਿਸ ਨੇ


**www.sanvad.org**
ISSN : 2395-1273

ਬ੍ਰਾਹਮਣਵਾਦ ਦੀਆਂ ਨੀਹਾਂ ਹਿਲਾ ਦਿੱਤੀਆਂ। ਬਾਬਾ ਸਾਹਿਬ ਨੇ ਇਕ ਤਰਕਸੰਗਤ ਬਿਰਤਾਂਤ ਸਿਰਜਦਿਆਂ ਖ਼ੁਦ ਆਪਣੇ ਆਪ ਨੂੰ ਬੋਧੀ ਧਰਮ ਵਿਚ ਸ਼ਾਮਿਲ ਹੋਣ ਨੂੰ ਤਰਜੀਹ ਦਿੱਤੀ। "ਡਾ. ਅੰਬੇਡਕਰ ਦਾ ਬੁੱਧ ਧਰਮ ਨੂੰ ਅਪਣਾਉਣ ਦਾ ਮਤਲਬ 'ਧਰਮ' ਨੂੰ ਦਲਿਤ ਮੁਕਤੀ ਦੇ ਸਾਧਨ ਵਜੋਂ ਵਰਤੋਂ ਵਿਚ ਲਿਆਉਣ ਤੋਂ ਨਹੀਂ ਸੀ, ਸਗੋਂ ਉਨ੍ਹਾਂ ਦਾ ਸਹੀ ਮੰਤਵ ਤਾਂ ਬ੍ਰਾਹਮਣਵਾਦੀ ਪੈਂਤੜਿਆਂ ਤੋਂ ਦਲਿਤ ਸੰਘਰਸ਼ ਨੂੰ ਬਚਾਉਂਦੇ ਹੋਏ ਬ੍ਰਾਹਮਣਵਾਦ ਨੂੰ ਉਸੇ ਦੇ ਹੀ ਸਿੱਕੇ 'ਚ ਜਵਾਬ ਦਿੰਦੇ ਹੋਏ ਦਲਿਤ ਪਹਿਚਾਣ ਅਤੇ ਮੁਕਤੀ ਦੇ ਰਾਹ ਵਿਚੋਂ ਅਗਿਆਨਤਾ ਅਤੇ ਨਿਰਬਲਤਾ ਦੇ ਕੰਡੇ ਦੂਰ ਕਰਨਾ ਸੀ।"[11] ਇਤਿਹਾਸਕ ਫ਼ੈਸਲਾ ਲੈਂਦਿਆਂ ਡਾ. ਅੰਬੇਡਕਰ ਨੇ 'ਮੈਂ ਇਕ ਹਿੰਦੂ ਵਜੋਂ ਨਹੀਂ ਮਰਾਂਗਾ।' ਵਚਨ ਨੂੰ ਪੂਰਾ ਕਰਦਿਆਂ 14 ਅਕਤੂਬਰ 1956 ਨੂੰ ਬੁੱਧ ਧਰਮ ਅਪਣਾ ਲਿਆ ਅਤੇ ਇਸ ਤੋਂ ਕੁਝ ਸਮੇਂ ਬਾਅਦ 06 ਦਸੰਬਰ 1956 ਨੂੰ ਉਨ੍ਹਾਂ ਦੀ ਮੌਤ ਹੋ ਗਈ। ਡਾ. ਅੰਬੇਡਕਰ ਵਲੋਂ ਚਲਾਏ ਦਲਿਤ ਅੰਦੋਲਨ ਨੂੰ ਰਾਜਨੀਤਕ ਛੋਹ ਦੇਣ ਵਿਚ ਬਾਬੂ ਕਾਂਸ਼ੀ ਰਾਮ ਦਾ ਬਹੁਤ ਯੋਗਦਾਨ ਰਿਹਾ ਹੈ। ਉਨ੍ਹਾਂ ਦਲਿਤ ਸਮਾਜ ਦੀ ਗੱਲ ਕਰਦਿਆਂ ਰਾਜਨੀਤਕ ਤੌਰ 'ਤੇ ਕਈ ਸਿਆਸੀ ਬਿਰਤਾਂਤ ਸਿਰਜੇ, ਜੋ ਦਲਿਤ ਬਿਰਤਾਂਤ ਦੇ ਰੂਪ ਵਿਚ ਮੁੱਖ ਮਸਲੇ ਵਜੋਂ ਵਿਚਾਰੇ ਜਾਣ ਲੱਗਦੇ ਹਨ।

ਆਜ਼ਾਦੀ ਤੋਂ ਬਾਅਦ ਦਲਿਤਾਂ ਲਈ ਭਾਰਤੀ ਸੰਵਿਧਾਨ ਦੇ ਨਿਰਮਾਤਾ ਬੀ.ਆਰ. ਅੰਬੇਡਕਰ (ਬਾਬਾ ਸਾਹਿਬ) ਨੇ ਵੱਡੀ ਭੂਮਿਕਾ ਨਿਭਾਈ ਸੀ। ਭਾਰਤੀ ਸੰਵਿਧਾਨ ਵਿਚ ਉਹਨਾਂ ਨੇ ਹੀ ਦਲਿਤਾਂ ਲਈ ਰਾਖਵੇਂਕਰਨ ਦਾ ਐਕਟ ਬਣਾਇਆ ਤੇ ਇਸ ਨੂੰ ਪਾਸ ਕਰਵਾ ਕੇ ਲਾਗੂ ਵੀ ਕਰਵਾਇਆ, ਜੋ ਅੱਜ ਤਕ ਜਾਰੀ ਹੈ। ਬਾਬਾ ਸਾਹਿਬ ਅੰਬੇਡਕਰ ਨੇ ਭਾਰਤ ਦੀ ਸੱਤਾ ਧਿਰ ਤੇ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਸਾਹਮਣੇ ਇਕ ਅਹਿਮ ਸਿਧਾਂਤ ਪੇਸ਼ ਕੀਤਾ ਕਿ ਕੋਈ ਵੀ ਮਨੁੱਖ ਜਨਮ ਜਾਤ ਦਲਿਤ ਨਹੀਂ ਹੁੰਦਾ। ਉਸ ਲਈ ਨਿਰਧਾਰਿਤ ਕਰ ਦਿੱਤੇ ਗਏ ਕੰਮ ਹੀ ਉਸਨੂੰ ਦਲਿਤ ਬਣਾਉਂਦੇ ਹਨ। ਰਿਜ਼ਰਵੇਸ਼ਨ ਦੇ ਫੈਸਲੇ ਨਾਲ ਬਹੁਤ ਸਾਰੇ ਦਲਿਤ ਪਰਿਵਾਰਾਂ ਦੇ ਬੱਚਿਆਂ ਨੂੰ ਯੂਨੀਵਰਸਿਟੀਆਂ ਤਕ ਪਹੁੰਚਣ ਦਾ ਮੌਕਾ ਮਿਲਿਆ ਤਾਂ ਉਹ ਸੁਚੇਤ ਹੋ ਕੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਲੱਗੇ। ਆਧੁਨਿਕ ਯੁੱਗ ਵਿਚ ਦਲਿਤ ਸਮਾਜ ਬਾਰੇ ਬਹੁਤ ਸਾਰਾ ਸਾਹਿਤ ਸਿਰਜਿਆ ਜਾਣ ਲੱਗਾ। ਜਿਸ ਵਿਚ ਇਹਨਾਂ ਦੀ ਜ਼ਿੰਦਗੀ ਦੇ ਕੌੜੇ ਸੱਚ ਨੂੰ ਪੇਸ਼ ਕੀਤਾ ਜਾਂਦਾ ਹੈ। ਇਹ ਸਾਹਿਤ ਸਿਰਜਣਾ ਦੀ ਪਿੱਠਭੂਮੀ ਵਿਚ ਮੱਧਕਾਲੀ ਗੁਰਮਤਿ ਅਤੇ ਭਗਤੀ ਕਾਵਿ-ਧਾਰਾ ਹੀ ਕਾਰਜਸ਼ੀਲ ਰਹਿੰਦੀ ਹੈ। ਜਦੋਂ ਦਲਿਤ ਨੇ ਖ਼ੁਦ ਆਪਣੀ ਹੋਣੀ ਅਤੇ ਜੀਵਨ ਦੀ ਦੁਰਦਸ਼ਾ ਨੂੰ ਆਪਣੇ ਅਨੁਭਵ ਦੇ ਆਧਾਰ 'ਤੇ ਪੇਸ਼ ਕਰਨਾ ਸ਼ੁਰੂ ਕੀਤਾ ਤਾਂ ਇਹ ਪਰੰਪਰਾ ਤੋਂ ਹਟ ਕੇ ਅਸਲੋਂ ਨਿਵੇਕਲਾ ਬਿਰਤਾਂਤ ਸੀ। ਜਿਸ ਵਿਚ ਉਹਨਾਂ ਦੇ ਦੁੱਖਾਂ/ਤਕਲੀਫਾਂ/ਤੰਗੀਆਂ/ਤੁਰਸ਼ੀਆਂ ਸਮਾਜਕ ਗੈਰ-ਬਰਾਬਰੀ, ਤਾਹਨੇ-ਮੇਿਹਣਿਆਂ ਆਦਿ ਦਾ ਨਿੱਜੀ ਅਨੁਭਵ ਪੇਸ਼ ਹੁੰਦਾ ਹੈ। ਅਜਿਹਾ ਬਿਰਤਾਂਤ ਇਤਿਹਾਸ ਦੇ ਉਹਨਾਂ ਪੰਨਿਆਂ ਨੂੰ ਸ਼ਰਮਸ਼ਾਰ ਕਰਦਾ ਹੈ ਜਿੱਥੇ ਦਲਿਤਾਂ ਵਿਰੁੱਧ ਬਿਰਤਾਂਤ ਸਿਰਜਣਾ ਸ਼ੁਰੂ ਕੀਤਾ ਗਿਆ। ਅਜੋਕੇ ਦੌਰ ਤਕ ਪਹੁੰਚਦਿਆਂ ਦਲਿਤ ਸਿਰਜਣਾ ਨੇ ਸਾਹਿਤ ਚਿੰਤਨ ਦੇ ਖੇਤਰ ਵਿਚ ਆਪਣਾ ਮੀਲ ਪੱਥਰ ਸਥਾਪਿਤ ਕੀਤਾ। ਇਸ ਬਾਰੇ ਅੱਜਕੱਲ੍ਹ ਦਲਿਤ ਸਾਹਿਤ, ਦਲਿਤ ਸਾਹਿਤ-ਸ਼ਾਸਤਰ, ਦਲਿਤ ਸਾਹਿਤ-ਚਿੰਤਨ, ਦਲਿਤ-ਪਛਾਣ, ਦਲਿਤਵਾਦ, ਦਲਿਤ-ਸੰਵਾਦ ਵਰਗੇ ਬਿਰਤਾਂਤ ਆਲੋਚਨਾ/ਸਿਧਾਂਤ ਦੇ ਖੇਤਰ ਵਿਚ ਪ੍ਰਚਲਿਤ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਮੁੱਖਧਾਰਾ ਦੀ ਸਿਰਜਣਕਾਰੀ ਵਿਚ ਇਹਨਾਂ ਨੂੰ ਇਤਿਹਾਸ ਦੇ ਪੰਨਿਆਂ ਉੱਪਰ ਬਹੁਤ ਘੱਟ ਸਪੇਸ ਮਿਲੀ ਹੈ। ਬਸਤੀਵਾਦੀ ਦੌਰ ਵਿਚ ਇਹਨਾਂ ਵਰਗਾਂ ਦੀ ਸ਼ਮੂਲੀਅਤ, ਹੋਂਦ, ਪਛਾਣ ਆਦਿ ਨੂੰ ਇਤਿਹਾਸਿਕ ਬਿਰਤਾਂਤ ਦਾ ਹਿੱਸਾ ਨਹੀਂ ਬਣਾਇਆ ਗਿਆ, ਸਗੋਂ ਹਾਸ਼ੀਏ 'ਤੇ, ਹੀ ਧੱਕਿਆ ਗਿਆ ਸੀ। ਬਸਤੀਵਾਦ ਦੌਰਾਨ ਅੰਗਰੇਜ਼ ਹਕੂਮਤ ਦੀਆਂ ਕਠਪੁਤਲੀਆਂ ਬਣੇ ਭਾਰਤ ਦੇ ਜਗੀਰਦਾਰੀ ਪ੍ਰਬੰਧ ਨੇ ਵੀ ਆਪਣੀ ਚੌਧਰ ਬਣਾਈ ਰੱਖਣ ਲਈ ਦਲਿਤਾਂ ਸਮੇਤ ਹੋਰ ਬਹੁਤ ਸਾਰੇ ਸਬਾਲਟਰਨ ਵਰਗਾਂ ਨੂੰ ਨੁਕਰੇ ਲਗਾਈ ਰੱਖਿਆ। ਇਹ ਜਗੀਰਦਾਰ ਹੁਕਮਰਾਨਾਂ ਵਾਂਗ ਹੀ ਆਪਣੇ ਅਧੀਨ ਕਿਸਾਨਾਂ, ਮਜ਼ਦੂਰਾਂ 'ਤੇ ਤਸ਼ੱਦਦ ਕਰਦੇ ਸਨ। ਸੱਤਾਧਿਰ ਵੱਲੋਂ ਕਿਸਾਨਾਂ, ਮਜਦੂਰਾਂ, ਦਲਿਤਾਂ ਨੂੰ ਹਰ ਪੱਖੋਂ ਅਣਗੌਲਿਆਂ ਕੀਤਾ ਜਾਂਦਾ ਸੀ।

ਇਸੇ ਕਰਕੇ ਮੁੱਖ ਧਾਰਾ ਨੇ ਇਤਿਹਾਸਿਕ ਬਿਰਤਾਂਤ ਵੀ ਆਪਣੇ ਆਪ ਨੂੰ ਨਾਇਕ ਬਣਾਈ ਰੱਖਣ ਲਈ ਸਿਰਜੇ। ਅਜਿਹੇ ਬਿਰਤਾਂਤ ਵਿਚ ਦਲਿਤਾਂ ਦੇ ਯੋਗਦਾਨ ਨੂੰ ਬਿਲਕੁਲ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਜਿਸ ਬਾਰੇ ਰਣਜੀਤ ਗੁਹਾ ਨੇ ਸਬਾਲਟਰਨ ਅਧਿਐਨ ਦੇ ਕਾਰਜ ਦੌਰਾਨ ਇਹਨਾਂ ਵਰਗਾਂ ਨੂੰ ਮਾਨਤਾ ਦਿਵਾਉਣ ਲਈ ਇਤਿਹਾਸਿਕ ਬਿਰਤਾਂਤ ਨੂੰ ਮੁੜ ਵਾਚਣਾ ਸ਼ੁਰੂ ਕੀਤਾ। ਉਸ ਨੇ ਬਸਤੀਵਾਦ ਦੌਰਾਨ ਹਾਸ਼ੀਏ 'ਤੇ ਧੱਕੇ ਗਏ ਵਰਗਾਂ ਦੇ ਇਤਿਹਾਸ, ਕਲਾ, ਸਾਹਿਤ, ਭਾਸ਼ਾ ਅਤੇ ਸਭਿਆਚਾਰ ਨੂੰ ਕੇਂਦਰ 'ਚ ਲਿਆਉਣ ਲਈ ਜੋ ਯਤਨ ਆਰੰਭੇ ਉਹ ਸਬਾਲਟਰਨ ਅਧਿਐਨ ਵਜੋਂ ਸਰਵ-ਪ੍ਰਵਾਨਿਤ ਹੋਏ।

ਭਾਰਤੀ ਇਤਿਹਾਸ ਅਤੇ ਸਮਾਜ ਵਿਚ ਦਲਿਤ ਦੀ ਸਥਿਤੀ ਅਤੇ ਉਨ੍ਹਾਂ ਦੇ ਬਿਰਤਾਂਤ ਦਾ ਵਿਸ਼ਾ ਬਹੁਤ ਗੁੰਝਲਦਾਰ ਅਤੇ ਬਹੁਪਰਤੀ ਬਣਿਆ ਰਿਹਾ ਹੈ। ਇਸ ਖੇਤਰ ਵਿਚ ਰਣਜੀਤ ਗੁਹਾ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਉਹ ਦਲਿਤਾਂ ਦੇ ਸਮਾਜਕ ਵਿਕਾਸ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਹੀ ਰੁਕਾਵਟ ਮੰਨਦਾ ਹੈ।

> The traditional Hindu caste system remains a strong factor against the development of the Dalits.[12]

ਇਸ ਤਰ੍ਹਾਂ ਗੁਹਾ ਨੇ ਦਲਿਤਾਂ ਦੇ ਵਿਰੁੱਧ ਵਿਚ ਸਿਰਜੇ ਬਿਰਤਾਂਤ ਦੀਆਂ ਜੜ੍ਹਾਂ ਹਿੰਦੂ ਪਰੰਪਰਾ ਦੀਆਂ ਮਿਥਿਕ ਕਥਾਵਾਂ ਨੂੰ ਮੰਨਿਆ ਹੈ। ਇਸ ਕਰਕੇ ਭਾਰਤ ਵਿਚ ਚੱਲ ਰਹੀ ਬਿਰਤਾਂਤ ਦੀ ਜੰਗ ਵਿਚ ਦਲਿਤ ਵਿਰੋਧੀ ਸਿਰਜੇ ਜਾ ਰਹੇ ਬਿਰਤਾਂਤ ਦੇ ਸੰਦਰਭ ਵਿਚ ਰਣਜੀਤ ਗੁਹਾ ਦੇ ਯੋਗਦਾਨ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਰਣਜੀਤ ਗੁਹਾ ਇਕ ਪ੍ਰਸਿੱਧ ਇਤਿਹਾਸਕਾਰ ਅਤੇ ਸਮਾਜ ਵਿਗਿਆਨੀ ਹੈ ਉਸ ਨੇ ਆਪਣੇ ਕੰਮ ਰਾਹੀਂ ਇਸ ਦਿਸ਼ਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਸ ਨੇ ਆਪਣੇ ਕੰਮ ਰਾਹੀਂ ਭਾਰਤੀ ਇਤਿਹਾਸ ਲਿਖਣ ਵਿਚ ਇਕ ਨਵਾਂ ਪਰਿਪੇਖ ਪੇਸ਼ ਕੀਤਾ। ਗੁਹਾ ਨੇ ਜਿਸ ਸਬਾਲਟਰਨ ਸਟੱਡੀਜ਼ ਦੀ ਸ਼ੁਰੂਆਤ ਕੀਤੀ ਜੋ ਕਿ ਸਮਾਜ ਦੇ ਹਾਸ਼ੀਏ 'ਤੇ ਰਹਿਣ ਵਾਲੇ ਵਰਗਾਂ ਖਾਸ ਕਰਕੇ ਦਲਿਤਾਂ ਦੇ ਇਤਿਹਾਸ ਅਤੇ ਬਿਰਤਾਂਤ 'ਤੇ ਕੇਂਦਰਿਤ ਹੈ। ਉਸ ਨੇ ਭਾਰਤੀ ਇਤਿਹਾਸ ਵਿਚ ਹੇਠਲੇ ਦਰਜੇ ਦੇ ਲੋਕਾਂ ਦਾ ਯੋਗਦਾਨ, ਤਜ਼ਰਬਿਆਂ ਅਤੇ ਕਲਾ, ਸਾਹਿਤ, ਸਭਿਆਚਾਰ ਨੂੰ ਸਾਹਮਣੇ ਲਿਆਉਣ ਦੇ ਸਫਲ ਯਤਨ ਕੀਤੇ। ਉਸ ਨੇ ਇਹ ਵੀ ਸਪੱਸ਼ਟ ਕੀਤਾ ਕਿ ਕਿਵੇਂ ਇਤਿਹਾਸ ਵਿਚ ਪ੍ਰਭਾਵਸ਼ਾਲੀ ਵਰਗਾਂ (ਜੋ ਸੱਤਾ ਤੇ ਕਾਬਜ਼ ਸਨ), ਨੇ ਇਤਿਹਾਸਿਕ ਬਿਰਤਾਂਤ ਨੂੰ ਨਿਯੰਤਰਿਤ ਕੀਤਾ ਹੋਇਆ ਸੀ। ਇਸ ਵਿਚ ਦਲਿਤਾਂ ਦੀ ਆਵਾਜ਼ ਨੂੰ ਦਬਾਇਆ ਗਿਆ ਸੀ। ਦਲਿਤਾਂ ਦੇ ਯੋਗਦਾਨ, ਕਲਾ, ਸਾਹਿਤ ਭਾਵ ਕਿ ਹਰ ਪੱਖ ਨੂੰ ਜਾਣਬੁੱਝ ਕੇ ਅਣਗੌਲਿਆਂ ਕੀਤਾ ਗਿਆ ਸੀ। ਇਸ ਤਰ੍ਹਾਂ ਦੇ ਇਤਿਹਾਸਿਕ ਬਿਰਤਾਂਤ ਦੇ ਵਿਰੋਧ ਵਿਚ ਰਣਜੀਤ ਗੁਹਾ ਇਤਿਹਾਸ ਦੀ ਨਵੀਂ ਪੜ੍ਹਤ ਪੇਸ਼ ਕਰਦਾ ਹੈ। ਜਿਸ ਵਿਚ ਉਹ ਹਾਸ਼ੀਏ 'ਤੇ ਵਿਚਰਦੇ ਸਮੂਹਾਂ ਪ੍ਰਤੀ ਕੇਂਦਰ ਵੱਲੋਂ ਅਪਣਾਏ ਗਏ ਰਵੱਈਏ ਦੀ ਨਿਖੇਧੀ ਕਰਦਾ ਹੈ। ਉਸ ਨੇ ਦਲਿਤ ਚੇਤਨਾ ਅਤੇ ਉਹਨਾਂ ਦੇ ਸੰਘਰਸ਼ ਦੇ ਇਤਿਹਾਸ ਨੂੰ ਪੁਨਰ-ਸਿਰਜਿਤ ਕੀਤਾ। ਇਲੀਟ ਵਰਗ ਵੱਲੋਂ ਇਤਿਹਾਸ ਵਿਚੋਂ ਖਾਰਜ ਕੀਤੇ ਗਏ ਸਮੂਹਾਂ ਬਾਰੇ ਉਹ ਲਿਖਦਾ ਹੈ :

> ਸਵੀਕ੍ਰਿਤ ਇਤਿਹਾਸ ਹਮੇਸ਼ਾਂ ਵਿਸ਼ਿਸ਼ਟ ਵਰਗ ਦਾ ਰਿਹਾ ਹੈ ਭਾਵੇਂ ਇਹ ਵਿਸ਼ਿਸ਼ਟ ਵਰਗ ਪ੍ਰਭਾਵੀ ਸਮੂਹ ਹੋਣ, ਦੇਸੀ ਜਾਂ ਵਿਦੇਸੀ ਹੋਣ, ਵਿਦੇਸ਼ੀ ਉਦਯੋਗਪਤੀ ਜਾਂ ਵਪਾਰੀ ਹੋਣ, ਜਾਂ ਫਿਰ ਉਪਰਲੇ ਦਰਜੇ ਦੀ ਅਫ਼ਸਰਸ਼ਾਹੀ ਹੀ ਕਿਉਂ ਨਾ ਹੋਵੇ। ਪ੍ਰਮਾਣ ਵਜੋਂ ਕੁਝ ਅਜਿਹੇ ਵਰਗ ਇਤਿਹਾਸ ਵਿਚ ਖਾਰਜ ਕਰ ਦਿੱਤੇ ਗਏ ਤੇ ਇਹੋ ਹੀ ਹਾਸ਼ੀਆਗਤ ਲੋਕ ਸਨ, ਜਿਨ੍ਹਾਂ ਨੂੰ ਅਸੀਂ ਦਲਿਤ ਸ਼੍ਰੇਣੀ ਦੇ ਲੋਕ ਕਹਿ ਸਕਦੇ ਹਾਂ।[13]

ਇਸ ਤਰ੍ਹਾਂ ਗੁਹਾ ਨੇ ਇਤਿਹਾਸ ਲਿਖਣ ਵਿਚ ਵੱਖ-ਵੱਖ ਆਵਾਜ਼ਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਸ਼ਾਮਿਲ ਕਰਨ ਦੀ ਜਰੂਰਤ 'ਤੇ ਜ਼ੋਰ ਦਿੱਤਾ, ਜਿਸ ਵਿਚ ਦਲਿਤ ਬਿਰਤਾਂਤ ਵੀ ਮਹੱਤਵਪੂਰਨ ਹੈ। ਗੁਹਾ ਦੇ ਇਹਨਾਂ ਯਤਨਾਂ ਨੇ ਭਾਰਤੀ ਇਤਿਹਾਸ ਲਿਖਣ ਵਿਚ ਇਕ ਨਵਾਂ ਮੋੜ ਲਿਆਂਦਾ ਅਤੇ ਦਲਿਤ ਬਿਰਤਾਂਤ ਨੂੰ ਮੁੱਖਧਾਰਾ 'ਤੇ ਲਿਆਉਣ ਲਈ ਅਹਿਮ ਭੂਮਿਕਾ ਨਿਭਾਈ। ਇਸ ਸੰਦਰਭ ਵਿਚ ਭਾਰਤ ਵਿਚ ਚੱਲਦੀ ਬਿਰਤਾਂਤ ਦੀ ਜੰਗ ਉਹ ਪ੍ਰਕਿਰਿਆ ਹੈ ਜਿਸ ਵਿਚ ਵੱਖ-ਵੱਖ ਸਮਾਜਕ ਵਰਗਾਂ ਅਤੇ ਉਹਨਾਂ ਦੇ ਆਪਣੇ ਇਤਿਹਾਸ ਅਤੇ ਪਛਾਣ ਨੂੰ ਪਰਿਭਾਸ਼ਿਤ ਕਰਨ ਲਈ ਸੰਘਰਸ਼ ਲਗਾਤਾਰ ਜਾਰੀ ਹੈ। ਗੁਹਾ ਦਾ ਸਬਾਲਟਰਨ ਅਧਿਐਨ ਬਾਰੇ ਕੀਤਾ ਕੰਮ ਇਹ ਸਪੱਸ਼ਟ ਕਰਦਾ ਹੈ ਕਿ ਕਿਵੇਂ ਪ੍ਰਭਾਵਸ਼ਾਲੀ ਵਰਗਾਂ ਦੇ ਬਿਰਤਾਂਤ ਅਕਸਰ ਦਲਿਤ ਅਤੇ ਹੋਰ ਹਾਸ਼ੀਆਗਤ ਵਰਗਾਂ ਦੇ ਬਿਰਤਾਂਤ ਅਤੇ ਉਹਨਾਂ ਦੇ ਅਨੁਭਵ ਨੂੰ ਦਬਾ ਦਿੰਦੇ ਹਨ। ਦਲਿਤ ਸਾਹਿਤ, ਆਤਮਕਥਾਵਾਂ ਅਤੇ ਸਮਾਜਕ ਅੰਦੋਲਨਾਂ ਰਾਹੀਂ ਦਲਿਤ ਬਿਰਤਾਂਤ ਨੇ ਬੇਸ਼ੱਕ ਆਪਣੀ ਪਹਿਚਾਣ ਤੇ ਇਤਿਹਾਸ ਨੂੰ ਮੁੜ ਪਰਿਭਾਸ਼ਿਤ ਕਰਨ ਦੇ ਯਤਨ ਕੀਤੇ ਹਨ ਪਰ ਕੇਂਦਰ ਵਿਚ ਬੈਠੀ ਸੱਤਾ ਧਿਰ ਅਜੇ ਵੀ ਇਸ ਨੂੰ ਉਹਨਾਂ ਦੇ ਅਧਿਕਾਰ ਦੇਣ ਤੋਂ ਪਾਸਾ ਵੱਟ ਰਹੀ ਹੈ। ਗੁਹਾ ਨੇ ਦਲਿਤ ਬਿਰਤਾਂਤ ਨੂੰ ਅਕਾਦਮਿਕ ਖੇਤਰ ਵਿਚ ਮਾਨਤਾ ਦਿਵਾਉਣ ਦੀ ਆਵਾਜ਼ ਵੀ ਉਠਾਈ ਹੈ। ਉਸ ਨੇ ਅਜਿਹੇ ਕਦਮ ਪੁੱਟੇ ਜਿਹੜੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਸ ਨੇ ਦਲਿਤ ਇਤਿਹਾਸ ਦੇ ਸਰੋਤਾਂ ਅਤੇ ਵਿਧੀਆਂ ਦੀ ਪੜਚੋਲ ਕੀਤੀ, ਜਿਸ ਦੇ ਆਧਾਰ 'ਤੇ ਅਕਾਦਮਿਕ ਖੇਤਰਾਂ ਵਿਚ ਦਲਿਤ ਬਿਰਤਾਂਤ ਬਾਰੇ ਮਹੱਤਵਪੂਰਨ ਖੋਜ ਕਾਰਜ ਹੋਣੇ ਸ਼ੁਰੂ ਹੋਏ ਹਨ। ਗੁਹਾ ਨੇ ਇਤਿਹਾਸ ਲਿਖਣ ਵਿਚ ਵੱਖ-ਵੱਖ ਸਮੇਂ ਖਾਮੋਸ਼ ਕਰ ਦਿੱਤੀਆਂ ਗਈਆਂ ਆਵਾਜ਼ਾਂ ਖਾਸ ਕਰ ਦਲਿਤ ਆਵਾਜ਼ਾਂ ਨੂੰ ਸ਼ਾਮਿਲ ਕਰਨ ਦੀ ਵਕਾਲਤ ਕੀਤੀ ਜਿਸ ਰਾਹੀਂ ਭਾਰਤੀ ਇਤਿਹਾਸ ਦੀ ਇਕ ਵਧੇਰੇ ਸੰਤੁਲਿਤ ਅਤੇ


**www.sanvad.org**
ISSN : 2395-1273

ਸੰਪੂਰਨ ਤਸਵੀਰ ਪੇਸ਼ ਹੋਈ ਹੈ। ਉਸ ਦੇ ਵਿਚਾਰਾਂ ਨੇ ਪਰੰਪਰਾਗਤ ਇਤਿਹਾਸਕਾਰਾਂ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਦਾ ਵਿਰੋਧ ਝੱਲਿਆ ਵੀ ਜੋ ਦਲਿਤ ਬਿਰਤਾਂਤ ਨੂੰ ਮੁੱਖ ਧਾਰਾ ਦੇ ਇਤਿਹਾਸ ਵਿਚ ਸ਼ਾਮਿਲ ਕਰਨ ਦੇ ਵਿਰੁੱਧ ਸਨ। ਰਣਜੀਤ ਗੁਹਾ ਦੀ ਸਬਾਲਟਰਨ ਅਧਿਐਨ ਰਾਹੀਂ ਦਲਿਤ ਸਮੂਹ ਬਾਰੇ ਇੰਨੀ ਜ਼ੋਰਦਾਰ ਆਵਾਜ਼ ਵਿਚ ਬਿਰਤਾਂਤ ਸਿਰਜਣਾ ਨੂੰ ਲੈ ਕੇ ਸਬਾਲਟਰਨ ਸਕੂਲ ਦੀ ਹੀ ਪ੍ਰਮੁੱਖ ਚਿੰਤਕ ਗਾਇਤਰੀ ਚੱਕਰਵਰਤੀ ਸਪੀਵਾਕ ਵੀ ਸ਼ੁਰੂ-ਸ਼ੁਰੂ ਵਿਚ ਉਸਦੇ ਸਬਾਲਟਰਨ ਅਧਿਐਨ ਦੀਆਂ ਸੀਮਾਵਾਂ ਉੱਪਰ ਕਿੰਤੂ ਕਰਦੀ ਹੈ। ਰਣਜੀਤ ਗੁਹਾ ਦੇ ਕੰਮ ਨੇ ਭਾਰਤੀ ਇਤਿਹਾਸ ਲਿਖਣ ਵਿਚ ਇਕ ਨਵਾਂ ਮੋੜ ਲਿਆਂਦਾ, ਉਹਨਾਂ ਦੇ ਵਿਚਾਰਾਂ ਨੇ ਦਲਿਤ ਬਿਰਤਾਂਤ ਨੂੰ ਅਕਾਦਮਿਕ ਚਰਚਾ ਦਾ ਵਿਸ਼ਾ ਬਣਾਇਆ, ਗੁਹਾ ਦੇ ਕੰਮ ਤੋਂ ਪ੍ਰੇਰਿਤ ਹੋ ਕੇ ਕਈ ਦਲਿਤ ਵਿਦਵਾਨਾਂ ਅਤੇ ਲੇਖਕਾਂ ਨੇ ਆਪਣੇ ਇਤਿਹਾਸ ਅਤੇ ਅਨੁਭਵ ਨੂੰ ਮੁਖ ਧਾਰਾ ਦੇ ਸਾਹਿਤ ਅਤੇ ਇਤਿਹਾਸ ਵਿਚ ਦਰਜ ਕਰਨਾ ਸ਼ੁਰੂ ਕੀਤਾ। ਭਾਵ ਆਪਣਾ ਬਿਰਤਾਂਤ ਖੁਦ ਸਿਰਜਣਾ ਸ਼ੁਰੂ ਕੀਤਾ। ਜੋ ਕਿ ਭਾਰਤੀ ਸਮਾਜ ਦੀ ਇਸ ਵਕਤ ਇਕ ਵਧੇਰੇ ਸੰਪੂਰਨ ਤੇ ਸਫਲ ਤਸਵੀਰ ਪੇਸ਼ ਕਰਦਾ ਹੈ। ਉਸ ਦੇ ਵਿਚਾਰਾਂ ਨੇ ਭਾਰਤੀ ਯੂਨੀਵਰਸਿਟੀਆਂ ਵਿਚ ਦਲਿਤ ਅਧਿਐਨ ਦੇ ਵਿਕਾਸ ਨੂੰ ਪ੍ਰੇਰਿਤ ਕਰਨ ਲਈ ਦਲਿਤ ਅਧਿਐਨ ਕੇਂਦਰ ਖੋਲ੍ਹਣ ਦੀ ਵਕਾਲਤ ਕੀਤੀ, ਜੋ ਇਸ ਖੇਤਰ ਵਿਚ ਖੋਜ ਅਤੇ ਵਿਸ਼ਲੇਸ਼ਣ ਨੂੰ ਉਤਸਾਹਿਤ ਕਰਦੇ ਹਨ। ਇਹ ਇਕ ਬਹੁਤ ਵੱਡਾ ਕਦਮ ਹੈ। ਦਲਿਤ ਬਿਰਤਾਂਤ ਦੇ ਉਭਾਰ ਨੇ ਭਾਰਤੀ ਰਾਜਨੀਤਕ ਅਤੇ ਸਮਾਜਕ ਨੀਤੀਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜਿਸ ਨਾਲ ਦਲਿਤ ਅਧਿਕਾਰਾਂ ਅਤੇ ਸਮਾਨਤਾ ਦੇ ਮੁੱਦਿਆਂ 'ਤੇ ਵੱਡੇ ਪੱਧਰ 'ਤੇ ਚਰਚਾ ਹੋਣ ਲੱਗੀ ਹੈ ਅਤੇ ਇਹ ਮੁੱਦਿਆਂ 'ਤੇ ਵਧੇਰੇ ਧਿਆਨ ਵੀ ਦਿੱਤਾ ਜਾ ਰਿਹਾ ਹੈ। ਹਾਲਾਂਕਿ ਗੁਹਾ ਦੇ ਕੰਮ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪਰ ਅਜੇ ਵੀ ਦਲਿਤ ਬਿਰਤਾਂਤ ਨੂੰ ਪੂਰੀ ਤਰ੍ਹਾਂ ਮੁੱਖਧਾਰਾ ਵਿਚ ਲਿਆਉਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਰਣਜੀਤ ਗੁਹਾ ਦਾ ਯੋਗਦਾਨ ਭਾਰਤ ਵਿਚ ਚੱਲਦੀ ਬਿਰਤਾਂਤ ਦੀ ਜੰਗ ਵਿਚ ਦਲਿਤ ਬਿਰਤਾਂਤ ਨੂੰ ਸਥਾਪਿਤ ਕਰਨ ਵਿਚ ਮਹੱਤਵਪੂਰਨ ਰਿਹਾ ਹੈ। ਉਹਨਾਂ ਦੇ ਕੰਮ ਨੇ ਨਾ ਸਿਰਫ ਇਤਿਹਾਸ ਲਿਖਣ ਦੇ ਤਰੀਕੇ ਨੂੰ ਬਦਲਿਆ ਹੈ ਬਲਕਿ ਦਲਿਤ ਅਧਿਐਨ ਦੇ ਖੇਤਰ ਵਿਚ ਨਵੇਂ ਮੀਲ ਪੱਥਰ ਵੀ ਸਥਾਪਿਤ ਕੀਤੇ ਹਨ। ਭਾਵੇਂ ਕਿ ਦਲਿਤ ਬਿਰਤਾਂਤ ਸਾਹਮਣੇ ਚੁਣੌਤੀਆਂ ਅਜੇ ਵੀ ਬਰਕਰਾਰ ਹਨ ਪਰ ਗੁਹਾ ਦੇ ਕੰਮ ਨੇ ਇਕ ਵਧੇਰੇ ਸਮਾਵੇਸ਼ੀ ਅਤੇ ਨਿਆਂਪੂਰਨ ਸਮਾਜ ਵੱਲ ਇਕ ਮਹੱਤਵਪੂਰਨ ਕਦਮ ਵਧਾਇਆ ਹੈ। ਇਸ ਤਰ੍ਹਾਂ ਦਲਿਤ ਬਿਰਤਾਂਤ ਦੇ ਖੇਤਰ ਵਿਚ ਰਣਜੀਤ ਗੁਹਾ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

**ਹਵਾਲੇ**


1. **https://web.archive.org/web/20131024001002/http://www.edu.plymouth.ac.uk/resined/narrative/narrativehome.htm#What**
2. ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼**, ਪੰਨਾ-874.
3. Hodge, Robert (1990). **Litrature as Discourse,Texual Strategies in English and History.** Cambrigdge: Polity press. p. 173.
4. ਡਾ. ਜਗਬੀਰ ਸਿੰਘ, **ਸਮਕਾਲੀ ਪੰਜਾਬੀ ਬਿਰਤਾਂਤ**, ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ 28-29.
5. ਉਹੀ, **ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਲ : ਗੁਰੂ ਗ੍ਰੰਥ ਸਾਹਿਬ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 203.
6. **ਉਹੀ**।
7. **ਆਦਿ ਗ੍ਰੰਥ**, ਪੰਨਾ 324.
8. **ਉਹੀ**, ਪੰਨਾ 15.
9. **ਉਹੀ**, ਪੰਨਾ 1127.
10. ਰੌਣਕੀ ਰਾਮ, **ਦਲਿਤ ਮੁਕਤੀ ਅਤੇ ਸ਼ਕਤੀਕਰਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸ਼ਿਟੀ ਪਟਿਆਲਾ, ਪੰਨਾ 15.
11. **ਉਹੀ**, ਪੰਨਾ 21.
12. Dr. T. RAMASWAMY, SOME ASPECTS of DALIT ISSUES LINDER SUBALTERN STUDIES, **Shanlox International Journal of Arts, Science and Humanities**, Vol. 5, No. 3, Jan-2018, P-266.
13. ਉਧਰਿਤ, ਰਵਿੰਦਰ ਕੁਮਾਰ, **ਔਰਤ ਤੇ ਦਲਿਤ : ਹਾਸ਼ੀਆਗਤ ਪ੍ਰਵਚਨ ਨਵ-ਇਤਿਹਾਸਵਾਦੀ ਪਰਿਪੇਖ**, ਪੰਨਾ 16.